# 11. ਅਪਰਿਗ੍ਰਹਿ ਸੂਤਰ

(140)ਜੀਵ ਪਰਿਗ੍ਰਹਿ ਕਾਰਨ ਹਿੰਸਾ ਕਰਦਾ ਹੈ, ਝੂਠ ਬੋਲਦਾ ਹੈ, ਚੋਰੀ ਕਰਦਾ ਹੈ, ਕਾਮ ਭੋਗ ਦਾ ਸੇਵਨ ਕਰਦਾ ਹੈ ਅਤੇ ਜ਼ਰੂਰਤ ਤੋਂ ਜ਼ਿਆਦਾ ਚੀਜ਼ਾਂ ਪ੍ਰਤਿ ਲਗਾਵ ਕਰਦਾ ਹੈ।

(141)ਜੀਵ ਸਹਿਤ ਹੋਵੇ, ਜਾਂ ਜੀਵ ਰਹਿਤ ਹੋਵੇ, ਥੋੜ੍ਹੀ ਜਿਹੀ ਚੀਜ਼ ਦਾ ਵੀ ਜੋ ਪਰਿਗ੍ਰਹਿ ਕਰਦਾ ਹੈ ਜਾਂ ਅਜਿਹਾ ਦੂਸਰੇ ਤੋਂ ਕਰਵਾਉਂਦਾ ਹੈ, ਉਹ ਦੁੱਖ ਤੋਂ ਮੁਕਤ ਨਹੀਂ ਹੋ ਸਕਦਾ।

(142)ਜੋ ਪਰਿਗ੍ਰਹਿ ਦੀ ਬੁੱਧੀ ਦਾ ਤਿਆਗ ਕਰਦਾ ਹੈ, ਉਹ ਹੀ ਪਰਿਗ੍ਰਹਿ ਨੂੰ ਤਿਆਗ ਸਕਦਾ ਹੈ। ਜਿਸ ਕੋਲ ਪਰਿਗ੍ਰਹਿ ਨਹੀਂ ਹੈ, ਉਹ ਮੁਨੀ ਹੀ ਸੰਤਾਂ ਦਾ ਰਾਹ ਵੇਖ ਸਕਦਾ ਹੈ।

(143-144) ਪਰਿਗ੍ਰਹਿ ਦੋ ਪ੍ਰਕਾਰ ਦਾ ਹੈ - ਅੰਦਰਲਾ ਤੇ ਬਾਹਰਲਾ ਅੰਦਰਲਾ ਪਰਿਗ੍ਰਹਿ 14 ਪ੍ਰਕਾਰ ਦਾ ਹੈ :

(1) ਮਿਥਿਆਤਵ (2) ਇਸਤਰੀ ਵੇਦ (3) ਪੁਰਸ਼ ਵੇਦ (4) ਨਪੁੰਸਕ ਵੇਦ (5) ਹਾਸਾ (6) ਰਤਿ (ਮਨ ਭਾਉਂਦੇ ਭੋਗ) (7) ਅਰਤਿ (ਮਨ ਨੂੰ ਨਾ ਭਾਉਂਦੇ ਭੋਗ) (8) ਪਛਤਾਵਾ (9) ਡਰ (10) ਜੁਗਪਸਾ (ਆਪਦੇ ਦੋਸ਼ਾਂ ਤੇ ਦੂਸਰੇ ਦੇ ਗੁਣਾਂ ਨੂੰ ਛਿਪਾਉਣਾ) (11) ਕਰੋਧ (12) ਮਾਨ (13) ਮਾਇਆ (14) ਲੋਭ

ਬਾਹਰਲੇ ਪਰਿਗ੍ਰਹਿ 10 ਪ੍ਰਕਾਰ ਦਾ ਹੈ :

(1) ਖੇਤ 92) ਮਕਾਨ (3) ਧਨ-ਅਨਾਜ (4) ਕੱਪੜੇ (5) ਭਾਂਡੇ (6) ਦਾਸ-ਦਾਸੀ (7) ਪਸ਼ੂ (8) ਸਵਾਰੀ ਦੇ ਸਾਧਨ (9) ਮੰਜਾ (10) ਬਿਸਤਰਾ।

(145)ਸਾਰੀਆਂ ਗੰਢਾਂ ਤੋਂ ਮੁਕਤ, ਠੰਢੇ ਸੁਭਾਅ ਵਾਲੇ, ਪ੍ਰਸੰਨ ਚਿੱਤ, ਸ੍ਰਮਣ ਨੂੰ ਜਿਵੇਂ ਮੁਕਤੀ ਦਾ ਸੁੱਖ ਮਿਲਦਾ ਹੈ। ਉਸੇ ਤਰ੍ਹਾਂ ਸੁੱਖ ਚੱਕਰਵਰਤੀ ਨੂੰ ਵੀ ਨਹੀਂ ਮਿਲਦਾ।

(146)ਜਿਵੇਂ ਹਾਥੀ ਨੂੰ ਵੱਸ ਵਿਚ ਰੱਖਣ ਲਈ ਅੰਕੁਸ਼ ਹੁੰਦਾ ਹੈ ਅਤੇ ਸ਼ਹਿਰ ਦੀ ਰੱਖਿਆ ਲਈ ਖਾਈ ਹੁੰਦੀ ਹੈ, ਉਸੇ ਪ੍ਰਕਾਰ ਇੰਦਰੀਆਂ ਦੇ ਵਿਸ਼ਿਆਂ ਤੇ ਕਾਬੂ ਪਾਉਣ ਲਈ ਪਰਿਗ੍ਰਹਿ ਦਾ ਤਿਆਗ ਆਖਿਆ ਗਿਆ ਹੈ। ਪਰਿਗ੍ਰਹਿ ਦਾ ਤਿਆਗ ਕਰਨ ਵਾਲੇ ਦੀਆਂ ਹੀ ਇੰਦਰੀਆਂ ਵਸ ਵਿਚ ਰਹਿੰਦੀਆਂ ਹਨ।

# 12. ਅਹਿੰਸਾ ਸੂਤਰ

(147)ਗਿਆਨੀ ਹੋਣ ਦਾ ਸਾਰ ਇਹ ਹੀ ਹੈ ਕਿ ਕਿਸੇ ਵੀ ਪ੍ਰਾਣੀ ਦੀ ਹਿੰਸਾ ਨਾ ਕੀਤੀ ਜਾਵੇ। ਇਨਾ ਹੀ ਕਾਫੀ ਹੈ ਕਿ ਅਹਿੰਸਾ ਭਰਪੂਰ ਸਮਤਾ ਹੀ ਧਰਮ ਹੈ।

(148)ਸਾਰੇ ਜੀਵ ਜਿਉਣਾ ਚਾਹੁੰਦੇ ਹਨ, ਮਰਨਾ ਨਹੀਂ। ਇਸ ਲਈ ਜੀਵ ਹੱਤਿਆ ਨੂੰ ਭਿਆਨਕ ਜਾਣ ਕੇ ਨਿਰਗਰੰਥ (ਜੈਨ ਸਾਧੂ) ਉਸ ਦੀ ਮਨਾਹੀ ਕਰਦੇ ਹਨ।

(149)ਸੰਸਾਰ ਵਿਚ ਜਿੰਨੇ ਵੀ ਤਰੱਸ (ਹਿੱਲਣ ਚੱਲਣ ਵਾਲੇ) ਤੇ ਸਥਾਵਰ (ਸਥਿਰ) ਪ੍ਰਾਣੀ ਹਨ। ਨਿਰਗਰੰਥ ਇਨ੍ਹਾਂ ਨੂੰ ਜਾਣਦੇ ਹੋਏ ਜਾਂ ਅਨਜਾਣਪੁਣੇ ਵਿਚ ਵੀ ਨਾ ਜੀਵ ਹੱਤਿਆ ਆਪ ਕਰੇ ਨਾ ਹੀ ਕਿਸੇ ਤੋਂ ਕਰਵਾਏ, ਨਾ ਕਰਦੇ ਨੂੰ ਚੰਗਾ ਜਾਣੇ।

(150)''ਜਿਵੇਂ ਤੁਹਾਨੂੰ ਦੁੱਖ ਚੰਗਾ ਨਹੀਂ ਲੱਗਦਾ, ਉਸੇ ਪ੍ਰਕਾਰ ਕਿਸੇ ਵੀ ਨੂੰ ਦੁੱਖ ਚੰਗਾ ਨਹੀਂ ਲੱਗਦਾ।'' ਅਜਿਹਾ ਸਮਝ ਕੇ ਆਦਰ, ਸਤਿਕਾਰ ਨਾਲ ਅਤੇ ਸੁਚੇਤ ਹੋ ਕੇ, ਸਾਰੇ ਜੀਵਾਂ ਨੂੰ ਆਪਣੀ ਤਰ੍ਹਾਂ ਸਮਝ ਕੇ, ਸਭ ਤੇ ਰਹਿਮ ਕਰੇ।

(151)ਜੀਵ ਹੱਤਿਆ, ਆਤਮ ਹੱਤਿਆ ਹੀ ਹੈ। ਜੀਵਾਂ ਤੇ ਰਹਿਮ ਆਪਣੇ ਆਪ ਤੇ ਰਹਿਮ ਕਰਨਾ ਹੈ। ਇਸ ਲਈ ਆਤਮਾ ਦਾ ਭਲਾ ਚਾਹੁਣ ਵਾਲੇ ਪੁਰਸ਼ਾਂ ਨੇ ਸਭ ਤਰ੍ਹਾਂ ਦੇ ਜੀਵ ਹਿੰਸਾ ਦਾ ਤਿਆਗ ਕੀਤਾ ਹੈ।

(152)''ਜਿਸ ਨੂੰ ਤੁਸੀਂ ਮਾਰਨਾ ਚਾਹੁੰਦੇ ਹੋ ਉਹ ਤੁਸੀਂ ਆਪ ਹੋ। ਜਿਸ ਤੇ ਤੁਸੀਂ ਹੁਕਮ ਚਲਾਉਣਾ ਚਾਹੁੰਦੇ ਹੋ ਉਹ ਵੀ ਤੁਸੀਂ

ਆਪ ਹੋ ?

(153)ਜਿਨੇਸ਼ਵਰ ਦੇਵਾਂ ਨੇ ਕਿਹਾ ਹੈ, ''ਰਾਗ ਦੀ ਅਨਹੋਂਦ ਅਹਿੰਸਾ ਹੈ ਅਤੇ ਹੋਂਦ ਹਿੰਸਾ ਹੈ।''

(154)ਹਿੰਸਾ ਕਰਨ ਦੇ ਵਿਚਾਰ ਨਾਲ ਹਿੰਸਾ ਯੋਗ ਕਰਮਾਂ ਸੰਗ੍ਰਹਿ ਹੋ ਜਾਂਦਾ ਹੈ। ਫਿਰ ਚਾਹੇ ਕੋਈ ਜੀਵ ਮਰੇ ਜਾਂ ਨਾ ਮਰੇ । ਨਿਸ਼ਚੈ ਨਯ (ਅਸਲ ਸੱਚਾਈ) ਪੱਖੋਂ ਕਰਮ ਬੰਧ ਦਾ ਸੰਖੇਪ ਕਾਰਨ ਇਹ ਹੀ ਹੈ।

(155)ਹਿੰਸਾ ਤੋਂ ਛੁਟਕਾਰਾ ਨਾ ਪਾਉਣਾ ਅਤੇ ਹਿੰਸਾ ਦੀ ਭਾਵਨਾ ਰੱਖਣਾ, ਹਿੰਸਾ ਹੀ ਹੈ। ਇਸ ਲਈ ਜਿਸ ਦੀ ਵਿਰਤੀ ਪ੍ਰਮਾਦਪੂਰਨ (ਅਣਗਹਿਲੀ) ਹੈ, ਉਹ ਹਮੇਸ਼ਾ ਹੀ ਹਿੰਸਕ ਹੈ।

(156)ਗਿਆਨੀ ਜੀਵ ਕਰਮਾਂ ਦੇ ਖ਼ਾਤਮੇ ਲਈ ਤਿਆਰ ਹੋਇਆ ਹੈ। ਹਿੰਸਾ ਦੇ ਲਈ ਨਹੀਂ। ਉਹ ਛਲ ਰਹਿਤ ਅਹਿੰਸਾ ਦੇ ਪਾਲਣ ਦੀ ਕੋਸ਼ਿਸ਼ ਕਰਦਾ ਹੈ ਅਜਿਹਾ ਪ੍ਰਮਾਦ (ਅਣਗਹਿਲੀ) ਤੋਂ ਰਹਿਤ ਮੁਨੀ ਅਹਿੰਸਕ ਹੁੰਦਾ ਹੈ।

(157)ਆਤਮਾ ਹੀ ਅਹਿੰਸਾ ਹੈ ਤੇ ਆਤਮਾ ਹੀ ਹਿੰਸਾ ਹੈ - ਇਹ ਸਿਧਾਂਤ ਨਿਸ਼ਚੈ ਹੈ। ਜੋ ਜੀਵ ਪ੍ਰਮਾਦ ਰਹਿਤ ਹੈ, ਉਹ ਅਹਿੰਸਕ ਹੈ ਜੋ ਪ੍ਰਮਾਦ ਕਰਦਾ ਹੈ, ਉਹ ਹਿੰਸਕ ਹੈ।

(158)ਜਿਵੇਂ ਸੰਸਾਰ ਵਿਚ ਮੇਰੂ ਪਰਬਤ ਤੋਂ ਉੱਚਾ ਅਤੇ ਅਕਾਸ਼ ਤੋਂ ਵਿਸ਼ਾਲ ਹੋਰ ਕੁਝ ਨਹੀਂ, ਇਸੇ ਪ੍ਰਕਾਰ ਅਹਿੰਸਾ ਤੋਂ ਵੱਡਾ ਕੋਈ ਧਰਮ ਨਹੀਂ।

(159)(ਮੁਨੀ ਨੇ ਆਖਿਆ) ''ਹੇ ਸਰੀਰ ! ਤੁਸੀਂ ਡਰ ਤੋਂ ਰਹਿਤ ਹੋ ਅਤੇ ਤੁਸੀਂ ਦੂਸਰਿਆਂ ਲਈ ਵੀ ਡਰ ਦਾ ਕਾਰਨ ਨਾ

ਬਣੋ। ਇਹ ਨਾ ਰਹਿਣ ਵਾਲੇ ਸੰਸਾਰ ਵਿਚ ਤੁਸੀਂ ਹਿੰਸਾ ਵੱਲ ਕਿਉਂ ਲੱਗ ਗਏ ਹੋ ?

# 13. ਅਪ੍ਰਮਾਦ ਸੂਤਰ

(160)"ਇਹ ਮੇਰੇ ਕੋਲ ਹੈ, ਇਹ ਮੇਰੇ ਕੋਲ ਨਹੀਂ, ਮੈਂ ਅਜਿਹਾ ਕਰਨਾ ਹੈ, ਅਜਿਹਾ ਨਹੀਂ ਕਰਨਾ" ਇਸ ਪ੍ਰਕਾਰ ਦੀ ਬੇਅਰਥ ਬਕਵਾਸ ਮਾਰਨ ਵਾਲੇ ਪੁਰਸ਼ ਨੂੰ ਮੌਤ ਚੁੱਕ ਕੇ ਲੈ ਜਾਂਦੀ ਹੈ ਅਜਿਹੀ ਹਾਲਤ ਵਿਚ ਪ੍ਰਮਾਦ (ਅਣਗਹਿਲੀ) ਕਿਉਂ ਕੀਤੀ ਜਾਵੇ ?

(161)ਜੋ ਮਨੁੱਖ ਸੌਂਦੇ ਹਨ, ਉਨ੍ਹਾਂ ਦੇ ਲਈ ਸੰਸਾਰ ਵਿਚ ਆਉਣ ਦਾ ਸਾਰ ਨਸ਼ਟ ਹੋ ਜਾਂਦਾ ਹੈ। ਇਸ ਲਈ ਲਗਾਤਾਰ ਜਾਗਦੇ ਹੋਏ ਹੀ ਪਿਛਲੇ ਸੰਗ੍ਰਹਿ (ਇਕੱਠੇ) ਕੀਤੇ ਕਰਮਾਂ ਨੂੰ ਨਸ਼ਟ ਕਰੋ।

(162)"ਧਾਰਮਿਕ ਦਾ ਜਾਗਦੇ ਰਹਿਣਾ ਹੀ ਸਰੇਸ਼ਟ ਹੈ। ਅਧਰਮੀਆਂ ਦਾ ਸੌਣਾ ਹੀ ਚੰਗਾ ਹੈ" ਅਜਿਹਾ ਭਗਵਾਨ ਮਹਾਵੀਰ ਨੇ ਵਤਸ ਦੇਸ਼ ਦੇ ਰਾਜਾ ਸ਼ਤਾਨੀਕ ਦੀ ਭੈਣ ਜੈਅੰਤੀ ਨੂੰ ਫੁਰਮਾਇਆ।

(163)ਬੁੱਧੀਮਾਨ ਵਿਦਵਾਨ ਸੁੱਤੇ ਹੋਏ ਲੋਕਾਂ ਵਿਚ ਵੀ ਜਾਗਦਾ ਰਹੇ। ਗਫਲਤ ਵਿਚ ਵਿਸ਼ਵਾਸ ਨਾ ਕਰੇ। ਮਹੂਰਤ (48 ਮਿੰਟ) ਬਹੁਤ ਨਿਰਦੇਈ ਹੈ। ਸਰੀਰ ਕਮਜ਼ੋਰ ਹੈ। ਇਸ ਲਈ ਭਾਰੰਡ ਪੰਛੀ ਦੀ ਤਰ੍ਹਾਂ ਅਣਗਹਿਲੀ ਰਹਿਤ ਹੋ ਕੇ ਘੁੰਮੇ।

(164)ਅਣਗਹਿਲੀ ਨੂੰ ਹੀ ਕਰਮ (ਆਸ਼ਰਵ) ਅਤੇ ਸਾਵਧਾਨੀ ਨੂੰ ਹੀ ਅਕਰਮ (ਸੰਬਰ) ਕਿਹਾ ਗਿਆ ਹੈ। ਅਣਗਹਿਲੀ ਦੇ ਕਾਰਨ ਮਨੁੱਖ ਅਗਿਆਨੀ ਬਣਦੇ ਹਨ ਅਤੇ ਸਾਵਧਾਨੀ ਕਾਰਨ ਮਨੁੱਖ

ਵਿਦਵਾਨ ਅਖਵਾਉਂਦੇ ਹਨ।

(165)ਕਰਮਾਂ ਨਾਲ ਕਰਮ ਦਾ ਖ਼ਾਤਮਾ ਨਹੀਂ ਹੁੰਦਾ, ਧੀਰਜ ਵਾਲੇ ਮਨੁੱਖ ਅਕਰਮ (ਸੰਬਰ ਜਾਂ ਪਾਪਾਂ ਤੋਂ ਛੁਟਕਾਰਾ) ਰਾਹੀਂ ਕਰਮਾਂ ਦਾ ਖ਼ਾਤਮਾ ਕਰਦੇ ਹਨ। ਗਿਆਨੀ ਪੁਰਸ਼ ਲੋਭ ਤੇ ਮਾਨ ਤੋਂ ਦੂਰ ਹੋ ਕੇ ਸੰਤੋਖ ਪ੍ਰਾਪਤ ਕਰਦੇ ਪਾਪ ਨਹੀਂ ਕਰਦੇ।

(166)ਅਣਗਹਿਲੀ ਕਰਨ ਵਾਲੇ ਨੂੰ ਸਭ ਪਾਸੇ ਤੋਂ ਡਰ ਤੰਗ ਕਰਦਾ ਹੈ। ਸਾਵਧਾਨੀ ਧਾਰਨ ਕਰਨ ਵਾਲੇ ਨੂੰ ਕੋਈ ਡਰ ਨਹੀਂ ਹੁੰਦਾ।

(167)ਆਲਸੀ ਸੁਖੀ ਨਹੀਂ ਹੋ ਸਕਦਾ, ਨੀਂਦਰ ਲੈਣ ਵਾਲਾ ਵਿੱਦਿਆ ਦਾ ਅਭਿਆਸੀ ਨਹੀਂ ਹੋ ਸਕਦਾ, ਮਮਤਾ ਵਾਲਾ ਵੈਰਾਗ ਧਾਰਨ ਨਹੀਂ ਕਰ ਸਕਦਾ ਅਤੇ ਹਿੰਸਕ ਰਹਿਮ ਵਾਲਾ ਨਹੀਂ ਹੋ ਸਕਦਾ।

(168)"ਮਨੁੱਖੋ ! ਹਮੇਸ਼ਾ ਜਾਗਦੇ ਰਹੋ। ਜੋ ਜਾਗਦਾ ਹੈ, ਉਸ ਦੀ ਬੁੱਧੀ ਦਾ ਵਿਕਾਸ ਹੁੰਦਾ ਹੈ, ਜੋ ਸੌਂਦਾ ਹੈ, ਉਹ ਮਹਾਨ ਨਹੀਂ ਬਣ ਸਕਦਾ, ਉਹ ਧੰਨ ਹੈ ਜੋ ਜਾਗਦਾ ਹੈ।

(169)ਚੀਜ਼ਾਂ ਨੂੰ ਚੁੱਕਣ-ਧਰਨ ਵਿਚ, ਮਲ-ਮੂਤਰ ਤਿਆਗਨ ਵਿਚ, ਬੈਠਣ ਤੇ ਚੱਲਣ ਫਿਰਨ ਵਿਚ ਅਤੇ ਸੌਣ ਸਮੇਂ ਜੋ ਮਨੁੱਖ ਸਦਾ ਸਾਵਧਾਨੀ ਰੱਖਦਾ ਹੈ। ਉਹ ਹੀ ਅਹਿੰਸਕ ਹੈ।

# 14. ਸਿੱਖਿਆ ਸੂਤਰ

(170)ਵਿਨੈ ਰਹਿਤ ਜੀਵ ਦੇ ਗਿਆਨ ਆਦਿ ਸਭ ਗੁਣ ਨਸ਼ਟ ਹੋ ਜਾਂਦੇ ਹਨ। ਇਹੋ ਉਸ ਲਈ ਮੁਸੀਬਤ ਹੈ ਅਤੇ ਵਿਨੈਵਾਨ ਨੂੰ ਗਿਆਨ ਆਦਿ ਗੁਣਾਂ ਦੀ ਪ੍ਰਾਪਤੀ ਹੁੰਦੀ ਹੈ, ਉਹ ਸੱਚੀ ਸਿੱਖਿਆ ਪ੍ਰਾਪਤ ਕਰਦਾ ਹੈ।

(171)ਇਨ੍ਹਾਂ ਪੰਜਾਂ ਕਾਰਨਾਂ ਕਰਕੇ ਸਿੱਖਿਆ ਪ੍ਰਾਪਤ ਨਹੀਂ ਹੁੰਦੀ (1) ਅਭਿਮਾਨ (2) ਕਰੋਧ (3) ਪ੍ਰਮਾਦ (ਅਣਗਹਿਲੀ ਜਾਂ ਗਫਲਤ) (4) ਰੋਗ ਅਤੇ (5) ਆਲਸ

(172-73) ਇਨ੍ਹਾਂ ਅੱਠ ਕਾਰਨਾਂ ਕਰਕੇ ਮਨੁੱਖ ਸਿੱਖਿਆ ਪ੍ਰਾਪਤ ਕਰਦਾ ਹੈ (1) ਹਾਸਾ ਮਜਾਕ ਨਾ ਕਰਨ ਵਾਲਾ (2) ਸਦਾ ਇੰਦਰੀਆਂ ਤੇ ਮਨ ਤੇ ਕਾਬੂ ਰੱਖਣ ਵਾਲਾ (3) ਕਿਸੇ ਦੇ ਭੇਦ ਨਾ ਦੱਸਣ ਵਾਲਾ (4) ਚੰਗੇ ਚਾਲ ਚੱਲਣ ਵਾਲਾ (5) ਦੋਸ਼ਾਂ ਤੋਂ ਰਹਿਤ (6) ਜ਼ਿਆਦਾ ਸੁਆਦੀ ਭੋਜਨ ਦੀ ਇੱਛਾ ਨਾ ਕਰਨ ਵਾਲਾ (7) ਕਰੋਧ ਰਹਿਤ (8) ਸੱਚ ਦਾ ਪਾਲਣ ਕਰਨ ਵਾਲਾ

(174)ਅਧਿਐਨ ਦੇ ਰਾਹੀਂ ਆਦਮੀ ਨੂੰ ਗਿਆਨ ਤੇ ਮਨ ਦੀ ਇਕ ਸੁਰਤਾ ਪ੍ਰਾਪਤ ਹੁੰਦੀ ਹੈ। ਉਹ ਆਪ ਤਾਂ ਧਰਮ ਵਿਚ ਘੁੰਮਦਾ ਹੀ ਹੈ ਪਰ ਨਾਲ ਦੂਸਰਿਆਂ ਨੂੰ ਵੀ ਇਸੇ ਪਾਸੇ ਵੱਲ ਲਗਾਉਂਦਾ ਹੈ। ਅਨੇਕ ਪ੍ਰਕਾਰ ਦੇ ਸ਼ਰੁਤ (ਸ਼ਾਸਤਰ) ਦਾ ਅਧਿਐਨ ਕਰਕੇ ਉਹ ਸ਼ਰੁਤ ਰੂਪੀ ਸਮਾਧੀ ਵਿਚ ਲੱਗ ਜਾਂਦਾ ਹੈ।

(175)ਜੋ ਸਦਾ ਗੁਰੂਕੁੱਲ ਵਿਚ ਰਹਿੰਦਾ ਹੈ, ਜੋ ਸਮਾਧੀ ਵਾਲਾ ਹੈ, ਜੋ ਉਪਦਾਨ (ਸ਼ਾਸਤਰਾਂ ਦੇ ਅਧਿਐਨ ਸਮੇਂ ਕੀਤਾ ਜਾਣ ਵਾਲਾ

ਵਿਸ਼ੇਸ਼ ਤੱਪ ਕਰਦਾ ਹੈ, ਜੋ ਚੰਗਾ ਕੰਮ ਕਰਦਾ ਹੈ ਜੋ ਮਿੱਠਾ ਬੋਲਦਾ ਹੈ, ਉਹ ਹੀ ਸਿੱਖਿਆ ਪ੍ਰਾਪਤ ਕਰਦਾ ਹੈ।

(176)ਜਿਵੇਂ ਇਕ ਦੀਵੇ ਨਾਲ ਸੈਂਕੜੇ ਦੀਵੇ ਬਲਦੇ ਹਨ, ਉਸੇ ਪ੍ਰਕਾਰ ਆਚਾਰਿਆ ਭਗਵਾਨ ਦੀਵੇ ਦੀ ਤਰ੍ਹਾਂ ਹਨ। ਜੋ ਆਪ ਵੀ ਰੋਸ਼ਨੀ ਦਿੰਦਾ ਹੈ ਅਤੇ ਦੂਸਰੇ ਨੂੰ ਵੀ ਰੋਸ਼ਨੀ ਪ੍ਰਦਾਨ ਕਰਦਾ ਹੈ।

# 15. ਆਤਮ ਸੂਤਰ

(177)ਤੁਸੀ ਨਿਸ਼ਚੈ ਨਾਲ ਇਹ ਸਮਝੋ ਕਿ ਜੀਵ ਉੱਤਮ ਗੁਣਾਂ ਦਾ ਆਸਰਾ ਸਾਰੇ ਦਰੱਵਾਂ ਵਿਚੋਂ ਉੱਤਮ ਦਰੱਵ ਅਤੇ ਸਾਰੇ ਤੱਤਵਾਂ ਵਿਚੋਂ ਪਰਮ ਤੱਤਵ ਹੈ।

(178)ਜੀਵ (ਆਤਮਾ) ਤਿੰਨ ਪ੍ਰਕਾਰ ਦਾ ਹੈ। (1) ਬਾਹਰਲੀ ਆਤਮਾ (2) ਅੰਤਰ ਆਤਮਾ (3) ਪ੍ਰਮਾਤਮਾ। ਪ੍ਰਮਾਤਮਾ ਦੋ ਪ੍ਰਕਾਰ ਦਾ ਹੈ (1) ਅਰਿਹੰਤ ਦੇਵ (2) ਸਿੱਧ

(179)ਇੰਦਰੀਆਂ ਦੇ ਸਮੂਹ ਨੂੰ ਆਤਮਾ ਦੇ ਰੂਪ ਵਿਚ ਸਵੀਕਾਰ ਕਰਨਾ ਬਾਹਰਲੀ ਆਤਮਾ ਹੈ। ਆਤਮ ਸੰਕਲਪ - ਆਤਮਾ ਨੂੰ ਸਰੀਰ ਤੋਂ ਭਿੰਨ ਸਮਝਨਾ ਅੰਤਰ ਆਤਮਾ ਹੈ। ਕਰਮਾਂ ਦੇ ਕਲੰਕ ਤੋਂ ਮੁਕਤ ਆਤਮਾ ਪ੍ਰਮਾਤਮਾ ਹੈ।

(180)ਕੇਵਲ ਗਿਆਨ (ਸਰਵੱਗਤਾ) ਰਾਹੀਂ ਸਾਰੇ ਪਦਾਰਥਾਂ ਨੂੰ ਜਾਨਣ ਵਾਲੇ, ਸਰੀਰ ਦੇ ਧਾਰਕ ਜੀਵ ਅਰਿਹੰਤ ਹਨ ਅਤੇ ਸਰਵ-ਉੱਤਮ ਸੁੱਖ ਨੂੰ ਪ੍ਰਾਪਤ ਗਿਆਨ ਸਰੀਰੀ ਜੀਵ ਸਿੱਧ ਅਖਵਾਉਂਦੇ ਹਨ।

(181)ਜਿਨਵੇਸ਼ਵਰ ਦੇਵ ਦਾ ਇਹ ਕਥਨ ਹੈ "ਕਿ ਤੁਸੀਂ ਮਨ, ਬਚਨ ਤੇ ਸਰੀਰ ਰਾਹੀਂ ਬਾਹਰਲੀ ਆਤਮਾ ਨੂੰ ਛੱਡ ਕੇ ਅੰਤਰ ਆਤਮਾ ਦੇ ਸਵਾਰ ਹੋ ਕੇ ਪ੍ਰਮਾਤਮਾ ਦਾ ਧਿਆਨ ਕਰੋ।

(182)ਸ਼ੁੱਧ ਆਤਮਾ ਵਿਚ ਚਾਰ ਗਤੀ ਰੂਪੀ, ਜਨਮ ਮਰਨ ਦਾ ਚੱਕਰ ਜਨਮ, ਬੁਢਾਪਾ, ਮੌਤ, ਰੋਗ, ਦੁੱਖ ਤੇ ਕੁੱਲ, ਜੂਨ, ਜੀਵ ਸਥਾਨ ਤੇ ਮਾਰਗ ਸਥਾਨ ਨਹੀਂ ਹੁੰਦੇ।

(183)ਸ਼ੁੱਧ ਆਤਮਾ ਵਿਚ ਵਰਨ, ਰਸ, ਗੰਧ, ਸਪਰਸ਼ ਤੇ ਇਸਤਰੀ, ਪੁਰਸ਼, ਨਪੁੰਸਕ ਆਦਿ ਪਰਿਆਏ (ਸੁਭਾਅ) ਤੇ ਸੰਸਥਾਨ ਤੇ ਸਹਨੰਨ (ਸਰੀਰ ਤੇ ਅਕਾਰ) ਨਹੀਂ ਹੁੰਦੇ।

(184)ਇਹ ਸਭ ਭਾਵ, ਵਿਵਹਾਰ ਨਯ ਪੱਖੋਂ ਆਖੇ ਗਏ ਹਨ। ਸ਼ੁੱਧ ਨਯ (ਨਿਸ਼ਚੈ ਨਯ) ਪੱਖੋਂ ਸੰਸਾਰੀ ਜੀਵ ਵੀ ਸਿੱਧ ਰੂਪ ਹਨ।

(185)ਸ਼ੁੱਧ ਨਯ ਪੱਖੋਂ ਆਤਮਾ ਅਸਲ ਵਿਚ ਰਸ ਰਹਿਤ, ਗੰਧ ਰਹਿਤ, ਨਾ ਵਰਨਣਯੋਗ, ਚੇਤਨ ਗੁਣ ਵਾਲਾ, ਸ਼ਬਦ ਤੋਂ ਰਹਿਤ, ਅਨੁਮਾਨ ਤੋਂ ਰਹਿਤ ਤੇ ਸੰਸਥਾਨ (ਸਰੀਰ) ਤੋਂ ਰਹਿਤ ਹੈ।

(186)ਆਤਮਾ - ਮਨ, ਬਚਨ ਤੇ ਸਰੀਰ ਦੇ ਰੂਪ ਤੋਂ ਰਹਿਤ, ਇਕੱਲਾ ਮਮਤਾ ਰਹਿਤ, ਸਰੀਰ ਰਹਿਤ, ਕਿਸੇ ਦਰੱਵ ਦੇ ਸਹਾਰੇ ਤੋਂ ਰਹਿਤ, ਵੀਤਰਾਗ, ਦੋਸ਼ ਰਹਿਤ, ਮੋਹ ਰਹਿਤ ਤੇ ਡਰ ਰਹਿਤ ਹੈ।

(187)ਉਹ (ਆਤਮਾ) ਨਿਰਗਰੰਥ (ਗੰਢ ਰਹਿਤ) ਹੈ, ਰਾਗ ਰਹਿਤ ਹੈ, ਨਿਸ਼ਲਯ (ਸਵਰਗ ਸੁੱਖ ਦੀ ਇੱਛਾ, ਮਾਇਆ ਤੇ ਮਿੱਥਿਆ ਦਰਸ਼ਨ ਰੂਪੀ ਕੰਡੇ) ਤੋਂ ਰਹਿਤ ਹੈ। ਸਾਰੇ ਦੋਸ਼ਾਂ ਤੋਂ ਮੁਕਤ ਹੈ, ਕਾਮਨਾ ਰਹਿਤ ਹੈ, ਕਰੋਧ, ਮਾਨ ਤੇ ਮੋਹ ਰਹਿਤ ਹੈ।

(188)ਆਤਮਾ ਹੀ ਜਾਣਕਾਰ ਹੈ। ਜੋ ਜਾਣਕਾਰ ਹੁੰਦਾ ਹੈ ਉਹ ਨਾ ਪ੍ਰਮਤ ਹੁੰਦਾ ਹੈ ਅਤੇ ਨਾ ਅਪ੍ਰਮਤ। ਜੋ ਅਪ੍ਰਮਤ ਅਤੇ ਪ੍ਰਮਤ ਨਹੀਂ ਹੁੰਦਾ, ਉਹ ਸ਼ੁੱਧ ਹੁੰਦਾ ਹੈ। ਆਤਮਾ ਦਾ ਜਾਣਕਾਰ (ਗਿਆਨੀ) ਰੂਪ ਹੀ ਸੱਚਾ ਰੂਪ ਹੈ ਅਤੇ ਉਹ ਹੀ ਸ਼ੁੱਧ ਅਰਥ ਵਿਚ ਜਾਨਣਯੋਗ ਹੈ। ਉਸ ਆਤਮਾ ਦੇ ਗਿਆਨ ਵਿਚ ਅਸ਼ੁੱਧਤਾ ਨਹੀਂ।

(189)ਮੈਂ (ਆਤਮਾ) ਨਾ ਸਰੀਰ ਹਾਂ, ਨਾ ਮਨ ਹਾਂ, ਨਾ ਪਾਣੀ ਹਾਂ ਅਤੇ ਨਾ ਉਨ੍ਹਾਂ ਦਾ ਕਾਰਨ ਹੈ। ਮੈਂ ਨਾ ਤਾਂ ਕਰਤਾ ਹੈ, ਨਾ

ਕਰਨ ਵਾਲਾ ਹੈ, ਨਾ ਕਰਾਉਣ ਵਾਲਾ ਹਾਂ ਅਤੇ ਨਾ ਕਰਤਾ ਦੀ ਹਿਮਾਇਤ ਕਰਨ ਵਾਲਾ ਹਾਂ।

(190)ਆਤਮਾ ਦੇ ਸ਼ੁੱਧ ਸਵਰੂਪ ਨੂੰ ਜਾਨਣ ਵਾਲੇ ਅਤੇ ਆਤਮਾ ਤੋਂ ਛੁੱਟ ਹੋਰ ਭਾਵਾਂ ਨੂੰ ਜਾਨਣ ਵਾਲਾ, ਅਜਿਹਾ ਕੌਣ ਗਿਆਨੀ ਹੋਵੇਗਾ, ਜੋ ਆਖੇਗਾ ਕਿ "ਇਹ ਮੇਰਾ ਹੈ।"

(191)ਮੈਂ ਇਕ ਹਾਂ, ਸ਼ੁੱਧ ਹਾਂ, ਮਮਤਾ ਰਹਿਤ ਹਾਂ ਅਤੇ ਗਿਆਨ ਦਰਸ਼ਨ ਨਾਲ ਭਰਪੂਰ ਹਾਂ। ਆਪਣੇ ਇਸ ਸ਼ੁੱਧ ਸੁਭਾਵ ਵਿਚ ਸਥਿਤ ਤੇ ਇਕਸੁਰ ਹੋ ਕੇ ਮੈਂ ਇਨ੍ਹਾਂ ਆਤਮਾ ਤੋਂ ਛੁੱਟ ਹੋਰ ਭਾਵਾਂ ਦਾ ਖ਼ਾਤਮਾ ਕਰਦਾ ਹੈ।

## ਟਿੱਪਣੀ

ਗਾਥਾ 188 : 14 ਗੁਣਸਥਾਨਾਂ ਦੀ ਦ੍ਰਿਸ਼ਟੀ ਤੋਂ ਜੀਵ ਛੇਵੇਂ ਗੁਣ ਸਥਾਨ ਤੱਕ ਪ੍ਰਮਤ ਤੇ ਸੱਤਵੇਂ ਵਿਚ ਅਪ੍ਰਮਤ ਕਿਹਾ ਗਿਆ ਹੈ। ਇਹ ਦੋਹੇ ਆਤਮਾ ਦੀਆਂ ਅਸ਼ੁੱਧ ਅਸਵਥਾਵਾਂ ਹਨ।

# 16. ਮੋਕਸ਼ ਮਾਰਗ ਸੂਤਰ

(192)ਜੈਨ ਸ਼ਾਸਨ (ਧਰਮ) ਵਿਚ ਮਾਰਗ (ਰਾਹ) ਤੇ ਮਾਰਗ ਫਲ (ਮੰਜ਼ਿਲ) ਦੋ ਪ੍ਰਕਾਰ ਦਾ ਆਖਿਆ ਗਿਆ ਹੈ। 'ਮਾਰਗ' ਮੋਕਸ਼ ਪ੍ਰਾਪਤ ਕਰਨ ਦਾ ਢੰਗ ਹੈ। ਉਸ ਦਾ 'ਫਲ' ਨਿਰਵਾਨ ਜਾਂ ਮੋਕਸ਼ ਹੈ।

(193)ਜਿਨੇਂਦਰ ਦੇਵ ਨੇ ਫੁਰਮਾਇਆ ਹੈ ਕਿ 'ਸੱਮਿਅਕ ਦਰਸ਼ਨ, ਸੱਮਿਅਕ ਗਿਆਨ ਤੇ ਸੱਮਿਅਕ ਚਾਰਿੱਤਰ ਮੋਕਸ਼ ਦਾ ਮਾਰਗ ਹੈ। ਸਾਧੂਆਂ ਨੂੰ ਇਨ੍ਹਾਂ ਦਾ ਪਾਲਣ ਕਰਨਾ ਚਾਹੀਦਾ ਹੈ। ਜੇ ਉਹ ਆਪਣੇ ਸਹਾਰੇ ਤੇ ਰਹਿੰਦੇ ਹਨ ਤਾਂ ਉਨ੍ਹਾਂ ਨੂੰ ਮੋਕਸ਼ ਪ੍ਰਾਪਤ ਹੁੰਦਾ ਹੈ। ਪਰ ਅਧੀਨ ਹੋਣ ਨਾਲ ਕਰਮਾਂ ਦਾ ਬੰਧ (ਸੰਗ੍ਰਹਿ) ਹੁੰਦਾ ਹੈ ਭਾਵ ਮੋਕਸ਼ ਪ੍ਰਾਪਤ ਨਹੀਂ ਹੁੰਦਾ।

(194)ਅਗਿਆਨ ਕਾਰਨ ਜੇ ਗਿਆਨੀ ਵੀ ਅਜਿਹਾ ਮੰਨਣ ਲੱਗੇ ਕਿ ਸ਼ੁੱਧ ਭਗਤੀ ਆਦਿ ਚੰਗੀਆਂ ਭਾਵਨਾਵਾਂ ਨਾਲ ਦੁੱਖਾਂ ਤੋਂ ਛੁਟਕਾਰਾ ਮਿਲਦਾ ਹੈ ਤਾਂ ਉਹ ਵੀ ਰਾਗ ਦਾ ਅੰਸ਼ ਹੋਣ ਕਾਰਨ ਆਪਣੇ ਅਸਲ ਰਾਹ ਤੋਂ ਭਟਕ ਜਾਂਦੇ ਹਨ।

(195)ਜਿਨੇਂਦਰ ਭਗਵਾਨ ਰਾਹੀਂ ਫੁਰਮਾਏ ਗਏ ਵਰਤ, ਸਮਿਤਿ, ਗੁਪਤੀ, ਸ਼ੀਲ ਅਤੇ ਤਪ ਦਾ ਪਾਲਣ ਕਰਨ ਵਾਲੇ ਵੀ ਕਈ ਜੀਵ ਜਨਮ ਮਰਨ ਦੇ ਚੱਕਰ ਵਿਚ ਭਟਕਨ ਵਾਲੇ ਅਗਿਆਨੀ ਤੇ ਮਿੱਥਿਆ ਦਰਿਸ਼ਟੀ ਹੋ ਸਕਦੇ ਹਨ।

(196)ਜੋ ਨਿਸ਼ਚੈ ਤੇ ਵਿਵਹਾਰ ਸਵਰੂਪ ਰਤਨਤ੍ਰੈ (ਸੱਮਿਅਕ ਦਰਸ਼ਨ, ਸੱਮਿਅਕ ਗਿਆਨ, ਸੱਮਿਅਕ ਚਾਰਿੱਤਰ) ਨੂੰ ਨਹੀਂ ਜਾਣਦਾ,

ਉਸ ਸਭ ਕੁਝ ਕਰਨਾ ਮਿੱਥਿਆ (ਫਜ਼ੂਲ) ਹੈ", ਅਜਿਹਾ ਜਿਨਦੇਵ ਨੇ ਫੁਰਮਾਇਆ ਹੈ।

(197)ਜਨਮ ਮਰਨ ਦੇ ਚੱਕਰ ਵਿਚ ਭਟਕਨ ਵਾਲਾ ਜੀਵ ਵੀ ਧਰਮ ਵਿਚ ਸ਼ਰਧਾ, ਵਿਸ਼ਵਾਸ ਤੇ ਰੁੱਚੀ ਰੱਖਦਾ ਹੈ ਅਤੇ ਧਰਮ ਦਾ ਪਾਲਣ ਵੀ ਕਰਦਾ ਹੈ। ਪਰ ਉਹ ਧਰਮ ਨੂੰ ਭੋਗ ਦਾ ਕਾਰਨ ਸਮਝਦਾ ਰਹਿੰਦਾ ਹੈ। ਕਰਮਾਂ ਦੇ ਖ਼ਾਤਮੇ ਦਾ ਕਾਰਨ ਸਮਝ ਕੇ ਧਰਮ ਦਾ ਪਾਲਣ ਨਹੀਂ ਕਰਦਾ।

(198)ਉਹ ਇਹ ਨਹੀਂ ਜਾਣਦਾ ਕਿ ਪਰਦਰੱਵ (ਆਤਮਾ ਤੋਂ ਇਲਾਵਾ ਸਰੀਰ) ਵਿਚ ਲੱਗੇ ਸੁਭ ਪਰਿਣਾਮ ਪੁੰਨ ਹਨ ਅਤੇ ਅਸ਼ੁੱਭ ਪਰਿਣਾਮ ਪਾਪ ਹਨ। ਸਵ ਦਰੱਵ (ਸ਼ੁੱਧ ਆਤਮਾ) ਦਾ ਪਰਿਣਾਮ ਉਹ ਹੈ ਜੋ ਸਮੇਂ ਤੇ ਦੁੱਖਾਂ ਦੇ ਖ਼ਾਤਮੇ ਦਾ ਕਾਰਨ ਹੁੰਦਾ ਹੈ।

(199)ਜੋ ਪੁੰਨ ਦੀ ਇੱਛਾ ਕਰਦਾ ਹੈ, ਉਹ ਸੰਸਾਰ (ਜਨਮ ਮਰਨ ਦੇ ਚੱਕਰ) ਦੀ ਇੱਛਾ ਕਰਦਾ ਹੈ, ਪੁੰਨ ਚੰਗੀ ਗਤੀ ਦਾ ਕਾਰਨ ਹੈ ਪਰ ਨਿਰਵਾਨ ਤਾਂ ਪੁੰਨ (ਕਰਮ) ਦੇ ਖ਼ਾਤਮੇ ਤੇ ਹੀ ਹੁੰਦਾ ਹੈ।

(200)ਅਸ਼ੁੱਭ ਕਰਮ ਨੂੰ ਕੁਸ਼ੀਲ ਅਤੇ ਸ਼ੁਭ ਕਰਮ ਨੂੰ ਸੁਸ਼ੀਲ ਸਮਝੋ। ਪਰ ਉਸ ਨੂੰ ਸੁਸ਼ੀਲ ਕਿਵੇਂ ਆਖਿਆ ਜਾ ਸਕਦਾ ਹੈ ਜੋ ਸੰਸਾਰ ਦਾ ਕਾਰਨ ਹੈ।

(201)ਜ਼ੰਜੀਰ ਭਾਵੇਂ ਸੋਨੇ ਦੀ ਹੋਵੇ, ਜਾਂ ਲੋਹੇ ਦੀ, ਮਨੁੱਖ ਨੂੰ ਦੋਹੇ ਜ਼ੰਜੀਰ ਜਕੜ ਕੇ ਰੱਖਦੀਆਂ ਹਨ। ਇਸੇ ਪ੍ਰਕਾਰ ਜੀਵ ਨੂੰ ਸ਼ੁਭ ਜਾਂ ਅਸ਼ੁੱਭ ਕਰਮ ਉਸ ਨੂੰ ਜਕੜਦੇ ਹਨ।

(202)ਇਸ ਲਈ ਦੋਹੇ ਪ੍ਰਕਾਰ ਦੇ ਕਰਮਾਂ ਨੂੰ ਜਾਣ ਕੇ ਉਨ੍ਹਾਂ ਪ੍ਰਤਿ ਰਾਗ (ਲਗਾਵ) ਨਹੀਂ ਰੱਖਣਾ ਚਾਹੀਦਾ ਨਾ ਹੀ ਇਨ੍ਹਾਂ ਨਾਲ ਮੇਲ-ਮਿਲਾਪ ਰੱਖਣਾ ਚਾਹੀਦਾ ਹੈ, ਕਿਉਂਕਿ ਕੁਸ਼ੀਲ (ਕਰਮ) ਦੇ ਪ੍ਰਤਿ ਰਾਗ ਅਤੇ ਮੇਲ ਮਿਲਾਪ ਕਰਨ ਨਾਲ ਮਨੁੱਖ ਦੀ ਸਵਾਧੀਨਤਾ ਨਸ਼ਟ ਹੋ ਜਾਂਦੀ ਹੈ।

(203)ਭਾਵੇਂ ਵਰਤ ਤੇ ਤੱਪ ਆਦਿ ਨਾਲ ਸਵਰਗ ਦੀ ਪ੍ਰਾਪਤੀ ਚੰਗੀ ਹੈ ਵਰਤਾਂ ਆਦਿ ਛੱਡ ਕੇ ਨਰਕਾਂ ਦੇ ਦੁੱਖ ਭੋਗਨਾ ਵੀ ਮੂਰਖਤਾ ਹੈ ਕਿਉਂਕਿ ਕਸ਼ਟ ਸਹਿੰਦੇ ਹੋਏ ਧੁੱਪ ਵਿਚ ਖੜ੍ਹੇ ਰਹਿਣ ਦੇ ਪੱਖੋਂ ਛਾਂ ਵਿਚ ਖੜ੍ਹੇ ਰਹਿਣਾ ਚੰਗਾ ਹੈ (ਇਸ ਨਿਆਏ ਪੱਖੋਂ ਪੁੱਨ ਨੂੰ ਪੂਰੀ ਤਰ੍ਹਾਂ ਛੱਡਣਾ ਵੀ ਚੰਗਾ ਨਹੀਂ)।

(204)ਇਸ ਵਿਚ ਸ਼ੱਕ ਨਹੀਂ ਕਿ ਸ਼ੁਭ ਕਾਮਨਾਵਾਂ ਨਾਲ ਵਿਦਿਆਧਰ, ਦੇਵਤੇ ਤੇ ਮਨੁੱਖ ਰਾਹੀਂ ਨਮਸਕਾਰ ਸਾਹਿਤ ਚੱਕਰਵਰਤੀ ਵਰਗੀ ਰਿੱਧੀ ਪ੍ਰਾਪਤ ਹੋ ਸਕਦੀ ਹੈ। ਪਰ ਸੰਸਾਰ ਦੇ ਚੱਕਰ ਤੋਂ ਮੁਕਤ ਹੋਣ ਯੋਗ ਸਤਿਕਾਰ ਸੱਮਿਅਕ ਸੰਬੋਧੀ (ਗਿਆਨ) ਦੀ ਪ੍ਰਾਪਤੀ ਨਹੀਂ ਹੋ ਸਕਦੀ।

(205)(ਪੁੰਨ ਦੇ ਪ੍ਰਤਾਪ ਨਾਲ) ਦੇਵ ਲੋਕ ਤੋਂ ਉਮਰ ਪੂਰੀ ਕਰਕੇ ਦੇਵਤੇ ਵੀ ਮਨੁੱਖ ਲੋਕ ਵਿਚ ਜਮਨ ਲੈਂਦੇ ਹਨ, ਉੱਥੇ ਉਨ੍ਹਾਂ ਨੂੰ ਸੁੱਖ ਦੇ ਦਸ ਅੰਗ ਪ੍ਰਾਪਤ ਹੁੰਦੇ ਹਨ।

(206)ਸਾਰੀ ਉਮਰ ਅਨੁਪਮ ਭੋਗ ਭੋਗ ਕੇ, ਪਿਛਲੇ ਜਨਮ ਦੇ ਸ਼ੁੱਧ, ਨਵੇਂ ਧਰਮ ਦੀ ਅਰਾਧਨਾ ਕਾਰਨ, ਨਿਰਮਲ ਬੋਧੀ ਦਾ ਅਨੁਭਵ ਕਰਦੇ ਹਨ ਅਤੇ ਚਾਰ ਅੰਗ (ਮਨੁੱਖਤਾ, ਸ਼ਾਸਤਰਾਂ ਦਾ ਗਿਆਨ, ਸ਼ਰਧਾ ਤੇ ਵੀਰਜ) ਨੂੰ ਦੁਰਲਭ ਜਾਨ ਕੇ ਸੰਜਮ ਸਵੀਕਾਰ ਕਰਦੇ

ਹਨ, ਫਿਰ ਤਪੱਸਿਆ ਰਾਹੀਂ ਕਰਮਾਂ ਦਾ ਖ਼ਾਤਮਾ ਕਰਕੇ ਹਮੇਸ਼ਾ ਰਹਿਣ ਵਾਲੇ ਸਿੱਧ ਪੁਰ ਨੂੰ ਪ੍ਰਾਪਤ ਕਰਦੇ ਹਨ।

# 17. ਰਤਨ ਤ੍ਰੈ ਸੂਤਰ

## (ੳ) ਵਿਵਹਾਰ ਰਤਨ ਤ੍ਰੈ

(208)ਧਰਮ ਆਦਿ (ਛੇ ਦਰੱਵਾਂ) ਅਤੇ ਤੱਤਵਾਂ (ਜੀਵ ਅਜੀਵ ਆਦਿ) ਵਿਚ ਸ਼ਰਧਾ ਕਰਨਾ ਸੱਮਿਅਕ ਦਰਸ਼ਨ ਹੈ। ਅੰਗਾਂ ਤੇ ਪੂਰਵਾਂ ਦਾ ਗਿਆਨ ਸੱਮਿਅਕ ਗਿਆਨ ਹੈ। ਤਪ ਵਿਚ ਲੱਗੇ ਰਹਿਣ ਦੀ ਕੋਸ਼ਿਸ਼ ਸੱਮਿਅਕ ਚਾਰਿੱਤਰ ਹੈ। ਇਹ ਵਿਵਹਾਰ ਪੱਖੋਂ ਮੋਕਸ਼ ਦਾ ਰਾਹ ਹੈ।

(209)ਮਨੁੱਖ ਗਿਆਨ ਆਦਿ ਰਾਹੀਂ ਜੀਵ ਆਦਿ ਪਦਾਰਥਾਂ ਨੂੰ ਜਾਣਦਾ ਹੈ। ਸੱਮਿਅਕ ਦਰਸ਼ਨ ਰਾਹੀਂ ਉਸ ਤੇ ਸ਼ਰਧਾ ਕਰਦਾ ਹੈ। ਸੱਮਿਅਕ ਚਾਰਿੱਤਰ ਰਾਹੀਂ (ਪਾਪਾਂ ਨੂੰ ਰੋਕਦਾ ਹੈ ਅਤੇ ਤੱਪ ਰਾਹੀਂ ਸ਼ੁੱਧ ਹੁੰਦਾ ਹੈ)।

(210)ਸੱਮਿਅਕ ਚਾਰਿੱਤਰ ਤੋਂ ਬਿਨਾਂ ਸੱਮਿਅਕ ਗਿਆਨ, ਸੱਮਿਅਕ ਦਰਸ਼ਨ ਤੋਂ ਬਿਨਾਂ ਮੁਨੀ ਦਾ ਭੇਸ ਅਤੇ ਸੰਜਮ ਰਹਿਤ ਤੱਪ ਕਰਨਾ ਫ਼ਿਜ਼ੂਲ ਹੈ।

(211)ਸੱਮਿਅਕ ਦਰਸ਼ਨ ਦੇ ਬਿਨਾਂ ਗਿਆਨ ਨਹੀਂ ਹੁੰਦਾ ਅਤੇ ਗਿਆਨ ਬਿਨਾਂ ਸੱਮਿਅਕ ਚਾਰਿੱਤਰ ਰੂਪੀ ਗੁਣ ਪ੍ਰਾਪਤ ਨਹੀਂ ਹੁੰਦਾ। ਸੱਮਿਅਕ ਚਾਰਿੱਤਰ ਬਿਨਾਂ ਮੋਕਸ਼ (ਕਰਮਾਂ ਦਾ ਖ਼ਾਤਮਾ) ਨਹੀਂ ਹੁੰਦਾ ਅਤੇ ਮੋਕਸ਼ ਬਿਨਾਂ ਨਿਰਵਾਣ (ਪਰਮਾਤਮ ਪਦ) ਪ੍ਰਾਪਤ ਨਹੀਂ ਹੁੰਦਾ।

(212)ਕ੍ਰਿਆ ਰਹਿਤ ਦਾ ਗਿਆਨ ਬੇ-ਅਰਥ ਹੈ ਅਤੇ ਅਗਿਆਨੀਆਂ ਦੀ ਕ੍ਰਿਆ ਬੇ-ਅਰਥ ਹੈ। ਜਿਵੇਂ ਲੰਗੜਾ ਮਨੁੱਖ ਜੰਗਲ ਵਿਚ ਲੱਗੀ ਅੱਗ ਨੂੰ ਵੇਖ ਕੇ ਭੱਜਣ ਵਿਚ ਅਸਮਰਥ ਹੋ ਕੇ

ਸੜ ਮਰਦਾ ਹੈ ਅਤੇ ਅੰਨ੍ਹਾ ਭੱਜਦਾ ਹੋਇਆ ਵੀ ਅੱਖਾਂ ਦੀ ਜੋਤ ਨਾ ਹੋਣ ਕਾਰਨ ਮਰ ਜਾਂਦਾ ਹੈ।

(213)ਕਿਹਾ ਜਾਂਦਾ ਹੈ ਕਿ ਸੱਮਿਅਕ ਗਿਆਨ ਅਤੇ ਕ੍ਰਿਆ ਦੇ ਮਿਲਾਪ ਨਾਲ ਹੀ ਫਲ ਦੀ ਪ੍ਰਾਪਤੀ ਹੁੰਦੀ ਹੈ। ਜਿਵੇਂ ਕਿ ਲੰਗੜੇ ਤੇ ਅੰਨ੍ਹੇ ਦਾ ਮਿਲਾਪ ਨਾਲ ਦੋਹੇ ਜੰਗਲ ਵਿਚ ਲੱਗੀ ਅੱਗ ਤੋਂ ਛੁਟਕਾਰਾ ਪਾ ਲੈਂਦੇ ਹਨ, ਇਕੱਲੇ ਇਕ ਪਹੀਏ ਨਾਲ ਰਥ ਨਹੀਂ ਚੱਲ ਸਕਦਾ।

(ਅ) ਨਿਸ਼ਚੈ ਰਤਨ ਤ੍ਰੈ

(214)ਜੋ ਸਭ ਨਯ ਤੋਂ ਰਹਿਤ ਹੈ ਉਹ ਹੀ ਸਮੇਂ ਸਾਰ (ਸਾਰੇ ਵਿਕਲਪ ਤੋਂ ਰਹਿਤ ਆਤਮਾ ਦੀ ਸ਼ੁੱਧ ਅਵਸਥਾ) ਹੈ ਉਸ ਨੂੰ ਹੀ ਸੱਮਿਅਕ ਦਰਸ਼ਨ ਅਤੇ ਸੱਮਿਅਕ ਗਿਆਨ ਪ੍ਰਾਪਤ ਹੁੰਦਾ ਹੈ।

(215)ਸਾਧੂ ਨੂੰ ਹਮੇਸ਼ਾ ਸੱਮਿਅਕ ਦਰਸ਼ਨ, ਸੱਮਿਅਕ ਗਿਆਨ ਅਤੇ ਸੱਮਿਅਕ ਚਾਰਿੱਤਰ ਦਾ ਪਾਲਣ ਕਰਨਾ ਚਾਹੀਦਾ ਹੈ। ਨਿਸ਼ਚੈ ਨਯ ਪੱਖੋਂ ਇਨ੍ਹਾਂ ਤਿੰਨਾਂ ਨੂੰ ਆਤਮਾ ਹੀ ਸਮਝਣਾ ਚਾਹੀਦਾ ਹੈ। ਇਹ ਤਿੰਨ ਆਤਮ ਸਵਰੂਪ ਹੀ ਹਨ। ਇਸ ਲਈ ਨਿਸ਼ਚੈ ਪੱਖੋਂ ਆਤਮਾ ਦੀ ਵਰਤੋਂ ਹੀ ਠੀਕ ਹੈ।

(216)ਜੋ ਆਤਮਾ ਇਨ੍ਹਾਂ ਤਿੰਨਾਂ ਵਿਚ ਸਮਾਂ ਜਾਂਦਾ ਹੈ, ਹੋਰ ਕੁਝ ਨਹੀਂ ਕਰਦਾ, ਨਾ ਕੁਝ ਜੋੜਦਾ ਹੈ, ਉਸ ਨੂੰ ਨਿਸ਼ਚੈ ਨਯ ਪੱਖੋਂ ਮੋਕਸ਼ ਮਾਰਗ ਕਿਹਾ ਜਾਂਦਾ ਹੈ।

(217)ਇਸ ਦ੍ਰਿਸ਼ਟੀ ਤੋਂ ਆਤਮਾ ਵਿਚ ਲੀਨ ਆਤਮਾ ਹੀ ਸੱਮਿਅਕ ਦ੍ਰਿਸ਼ਟੀ ਹੁੰਦਾ ਹੈ ਜੋ ਆਤਮਾ ਦੇ ਸ਼ੁੱਧ ਰੂਪ ਨੂੰ ਜਾਣਦਾ ਹੈ। ਉਹ ਹੀ ਸੱਮਿਅਕ ਗਿਆਨ ਹੈ। ਉਸ ਵਿਚ ਸਥਿਤ ਰਹਿਣਾ

ਸੱਮਿਅਕ ਚਾਰਿੱਤਰ ਹੈ।

(218)ਆਤਮਾ ਹੀ ਮੇਰਾ ਗਿਆਨ ਹੈ। ਆਤਮਾ ਹੀ ਦਰਸ਼ਨ ਤੇ ਚਾਰਿੱਤਰ ਹੈ। ਆਤਮਾ ਹੀ ਪ੍ਰਤਿਖਿਆਨ (ਪਾਪਾਂ ਦਾ ਤਿਆਗ) ਹੈ ਅਤੇ ਆਤਮਾ ਹੀ ਸੰਜਮ ਤੇ ਯੋਗ ਹੈ। ਅਰਥਾਤ ਇਹ ਆਤਮਾ ਦਾ ਰੂਪ ਹੀ ਹਨ।

# 18. ਸੱਮਿਅਕ ਦਰਸ਼ਨ ਸੂਤਰ

## (ੳ) ਵਿਵਹਾਰ ਸੱਮਿਅਕਤਵ : ਨਿਸ਼ਚੈ ਸੱਮਿਅਕਤਵ

(219)ਰਤਨ ਤ੍ਰੈ ਵਿਚ ਸੱਮਿਅਕ ਦਰਸ਼ਨ ਹੀ ਸਰੇਸ਼ਟ ਹੈ ਅਤੇ ਇਸ ਨੂੰ ਹੀ ਮੋਕਸ਼ ਰੂਪੀ ਮਹਾ ਦਰਖ਼ਤ ਦਾ ਮੂਲ (ਜੜ) ਕਿਹਾ ਗਿਆ ਹੈ। ਇਹ ਨਿਸ਼ਚੈ ਅਤੇ ਵਿਵਹਾਰ ਦੇ ਦੋ ਪ੍ਰਕਾਰ ਹਨ।

(220)ਵਿਵਹਾਰ ਨਯ ਤੋਂ ਜੀਵ ਆਦਿ ਤੱਤਵਾਂ ਤੇ ਸ਼ਰਧਾ ਨੂੰ ਜਿਨਦੇਵ ਨੇ ਸੱਮਿਅਕਤਵ ਕਿਹਾ ਹੈ। ਨਿਸ਼ਚੈ ਨਯ ਪੱਖੋਂ ਆਤਮਾ ਹੀ ਸੱਮਿਅਕ ਦਰਸ਼ਨ ਹੈ।

(221)ਨਿਸ਼ਚੈ ਨਯ ਪੱਖੋਂ ਜੋ ਚੁੱਪ ਹੈ ਉਹ ਹੀ ਸੱਮਿਅਕ ਦਰਸ਼ਨ ਹੈ ਅਤੇ ਜੋ ਸੱਮਿਅਕ ਦਰਸ਼ਨ ਹੈ, ਉਹ ਹੀ ਖਾਮੋਸ਼ੀ ਆਤਮ ਗਿਆਨ ਹੈ। ਵਿਵਹਾਰ ਤੋਂ ਜੋ ਨਿਸ਼ਚੈ ਸੱਮਿਅਕ ਦਰਸ਼ਨ ਦੇ ਕਾਰਨ ਹੈ, ਉਹ ਵੀ ਸੱਮਿਅਕ ਦਰਸ਼ਨ ਹੈ।

(222)ਸੱਮਿਅਕਤਵਹੀਣ ਮਨੁੱਖ ਹਜ਼ਾਰਾਂ ਕਰੋੜਾਂ ਸਾਲਾਂ ਤੱਕ ਚੰਗੀ ਤਰ੍ਹਾਂ ਕਠੋਰ ਤਪ ਕਰਨ ਤੇ ਵੀ ਬੋਧੀ ਦਾ ਲਾਭ ਪ੍ਰਾਪਤ ਨਹੀਂ ਕਰ ਸਕਦਾ।

(223)ਜੋ ਸੱਮਿਅਕ ਦਰਸ਼ਨ ਤੋਂ ਭਰਿਸ਼ਟ ਹੈ, ਉਹ ਹੀ ਦਰਸ਼ਨ ਭਰਿਸ਼ਟ ਹੈ। ਦਰਸ਼ਨ ਭਰਿਸ਼ਟ ਨੂੰ ਕਦੇ ਨਿਰਵਾਣ ਪ੍ਰਾਪਤ ਨਹੀਂ ਹੁੰਦਾ। ਚਾਰਿੱਤਰਹੀਣ ਸੱਮਿਅਕ ਦਰਿਸ਼ਟੀ ਤਾਂ ਸਿੱਧੀ ਪ੍ਰਾਪਤ ਕਰ ਸਕਦੇ ਹਨ ਪਰ ਸੱਮਿਅਕ ਦਰਸ਼ਨ ਤੋਂ ਰਹਿਤ ਮਨੁੱਖ ਸਿੱਧੀ ਪ੍ਰਾਪਤ ਨਹੀਂ ਕਰ ਸਕਦੇ।

(224)(ਅਸਲ ਵਿਚ) ਜੋ ਸੱਮਿਅਕ ਦਰਸ਼ਨ ਰਾਹੀਂ ਸ਼ੁੱਧ ਹੈ,

ਉਹ ਹੀ ਨਿਰਵਾਨ ਪ੍ਰਾਪਤ ਕਰਦਾ ਹੈ, ਸੱਮਿਅਕ ਦਰਸ਼ਨ ਤੋਂ ਰਹਿਤ ਪੁਰਸ਼ ਇੱਛਾ ਅਨੁਸਾਰ ਲਾਭ ਪ੍ਰਾਪਤ ਨਹੀਂ ਕਰ ਸਕਦਾ।

(225)ਇਕ ਪਾਸ ਸੱਮਿਅਕਤਵ ਦਾ ਲਾਭ ਅਤੇ ਦੂਸਰੇ ਪਾਸੇ ਤਿੰਨ ਲੋਕ ਦਾ ਲਾਭ ਹੋਵੇ ਤਾਂ ਤਿੰਨ ਲੋਕ ਦੇ ਲਾਭ ਨਾਲੋਂ ਚੰਗਾ ਸੱਮਿਅਕ ਦਰਸ਼ਨ ਦਾ ਲਾਭ ਸਰੇਸ਼ਠ ਹੈ।

(226)ਜ਼ਿਆਦਾ ਕਿ ਆਖੀਏ ? ਪਹਿਲੇ ਸਮੇਂ ਵਿਚ ਜਿੰਨੇ ਵੀ ਸਿੱਧ ਹੋਏ ਹਨ ਅਤੇ ਜੋ ਅੱਗੇ ਨੂੰ ਹੋਣਗੇ, ਉਸ ਵਿਚ ਵੀ ਸੱਮਿਅਕਤਵ ਦਾ ਮਹੱਤਵ ਹੈ।

(227)ਜਿਵੇਂ ਕਮਲ ਦਾ ਪੱਤਾ ਸੁਭਾਅ ਤੋਂ ਹੀ ਪਾਣੀ ਚਿੱਕੜ ਨਾਲ ਨਹੀਂ ਲਿੱਬੜਦਾ, ਉਸੇ ਪ੍ਰਕਾਰ ਸੱਜਣ ਲੋਕ ਸੱਮਿਅਕਤਵ ਦੇ ਅਸਰ ਕਾਰਨ ਕਸ਼ਾਏਆਂ ਤੇ ਵਿਸ਼ਿਆਂ ਨਾਲ ਨਹੀਂ ਲਿੱਬੜਦੇ।

(228)ਸੱਮਿਅਕ ਦ੍ਰਿਸ਼ਟੀ ਮਨੁੱਖ ਆਪਦੀ ਇੰਦਰੀਆਂ ਰਾਹੀਂ ਚੇਤਨ ਤੇ ਅਚੇਤਨ ਦਰੱਵਾਂ ਦੀ ਜੋ ਵਰਤੋਂ ਕਰਦਾ ਹੈ, ਉਹ ਸਭ ਕਰਮਾਂ ਦੀ ਨਿਰਜਰਾ ਕਰਨ ਵਿਚ ਸਹਾਇਕ ਹੁੰਦੇ ਹਨ।

(229)ਕਈ ਤਾਂ ਵਿਸ਼ਿਆਂ ਦਾ ਸੇਵਨ ਕਰਦੇ ਹੋਏ ਵੀ ਵਿਸ਼ਿਆਂ ਦਾ ਸੇਵਨ ਨਹੀਂ ਕਰਦੇ ਅਤੇ ਕਈ ਸੇਵਨ ਨਾ ਕਰਦੇ ਹੋਏ ਵੀ ਵਿਸ਼ਿਆਂ ਦਾ ਸੇਵਨ ਕਰਦੇ ਹਨ। ਜਿਵੇਂ ਮਹਿਮਾਨ ਰੂਪ ਵਿਚ ਆਇਆ ਕੋਈ ਮਨੁੱਖ, ਵਿਆਹ ਆਦਿ ਦੇ ਕੰਮਾਂ ਵਿਚ ਲੱਗਾ ਰਹਿਣ ਤੇ ਵੀ ਉਸ ਕੰਮ ਦਾ ਮਾਲਿਕ ਨਾ ਹੋਣ ਕਾਰਨ ਕਰਤਾ ਨਹੀਂ ਅਖਵਾ ਸਕਦਾ।

(230)(ਇਸੇ ਤਰ੍ਹਾਂ) ਕਾਮਭੋਗ ਨਾ ਤਾਂ ਸਮਭਾਵ ਪੈਦਾ ਕਰਦੇ ਹਨ ਅਤੇ ਨਾ ਹੀ ਬੁਰਾਈ। ਜੋ ਉਨ੍ਹਾਂ ਪ੍ਰਤੀ ਦਵੇਸ਼ ਅਤੇ ਮਮਤਾ

ਰੱਖਦਾ ਹੈ ਉਹ ਉਸ ਵਿਚ ਵਿਗਾੜ ਪੈਦਾ ਕਰ ਦਿੰਦੇ ਹਨ।

## (ਅ) ਸੱਮਿਅਕ ਦਰਸ਼ਨ ਅੰਗ

(231)ਸੱਮਿਅਕ ਦਰਸ਼ਨ ਦੇ ਇਹ ਅੱਠ ਅੰਗ ਹਨ। (1) ਨਿਸ਼ੰਕਾ (2) ਨਿਸ਼ਕਾਂਕਸ਼ਾ (3) ਨਿਰਵਿਚਕਿਤਸਾ (4) ਅਮੂੜ ਦਿਰਸ਼ਟੀ (5) ਉਪਵਰਹਨ (6) ਸਥਿਰੀਕਰਨ (7) ਵਾਤਸਲਯ (8) ਪ੍ਰਭਾਵਨਾ

(232)ਸੱਮਿਅਕ ਦ੍ਰਿਸ਼ਟੀ ਜੀਵ ਨਿਸ਼ੰਕ ਹੁੰਦੇ ਹਨ ਇਸੇ ਕਾਰਨ ਉਹ ਭੈ ਰਹਿਤ ਹੁੰਦੇ ਹਨ। ਉਹ ਸੱਤ ਪ੍ਰਕਾਰ ਦੇ ਭੈ (ਡਰ) (1) ਇਸ ਲੋਕ ਦਾ ਭੈ (2) ਪਰਲੋਕ ਦਾ ਭੈ (3) ਅਰੱਖਿਆ ਭੈ (4) ਅਗੁਪਤੀ ਭੈ (5) ਮੌਤ ਦਾ ਭੈ (6) ਵੇਦਨਾ ਭੈ (7) ਅਚਾਨਕ ਭੈ) ਤੋਂ ਰਹਿਤ ਹੁੰਦੇ ਹਨ। ਇਸ ਲਈ ਉਹ ਸ਼ੱਕ ਰਹਿਤ ਹੁੰਦੇ ਹਨ।

(233)ਜੋ ਸਾਰੇ ਕਰਮ ਫਲ ਅਤੇ ਸਭ ਵਸਤੂ ਦੇ ਧਰਮ ਵਿਚ ਕਿਸੇ ਪ੍ਰਕਾਰ ਦੀ ਆਸ ਨਹੀਂ ਰੱਖਦਾ ਉਸ ਨੂੰ ਨਿਰਅਕੰਸਾਂਸ ਸੱਮਿਅਕਦ੍ਰਿਸ਼ਟੀ ਵਾਲਾ ਸਮਝਨਾ ਚਾਹੀਦਾ ਹੈ।

(234)ਜੋ ਸਤਿਕਾਰ, ਪੂਜਾ ਅਤੇ ਬੰਦਨਾ (ਨਮਸਕਾਰ) ਤੱਕ ਦੀ ਵੀ ਇੱਛਾ ਨਹੀਂ ਕਰਦਾ, ਉਹ ਕਿਸੇ ਤੋਂ ਪ੍ਰਸੰਸਾ ਦੀ ਇੱਛਾ ਕਿਉਂ ਕਰੇਗਾ ? ਜੋ ਸੰਯਤ (ਵਰਤਾਂ) ਵਿਚ ਦ੍ਰਿੜ ਹੈ, ਸੁਵਰਤੀ ਹੈ, ਤਪਸਵੀ ਹੈ, ਆਤਮਾ ਦੀ ਪੜਤਾਲ ਕਰਨ ਵਾਲਾ ਹੈ, ਉਹ ਹੀ ਭਿਕਸ਼ੂ ਹੈ।

(235)ਹੇ ਯੋਗੀ ! ਜੇ ਤੁਸੀਂ ਪਰਲੋਕ ਚਾਹੁੰਦੇ ਹੋ ਤਾਂ ਮਸ਼ਹੂਰੀ, ਲਾਭ, ਪੂਜਾ ਤੇ ਸਤਿਕਾਰ ਦੀ ਇੱਛਾ ਕਿਉਂ ਕਰਦੇ ਹੋ ? ਕੀ ਇਨ੍ਹਾਂ ਨਾਲ ਤੁਹਾਨੂੰ ਪਰਲੋਕ ਦਾ ਸੁੱਖ ਮਿਲ ਸਕਦਾ ਹੈ ?

(236)ਜੋ ਸਭ ਧਰਮਾਂ (ਵਸਤੂ ਦੇ ਸੁਭਾਵਾਂ) ਦੇ ਪ੍ਰਤਿ ਨਫ਼ਰਤ ਨਹੀਂ ਕਰਦਾ, ਉਸੇ ਨੂੰ ਹੀ ਨਿਰਵਿਚਕਿਤਸਾ ਗੁਣ ਦਾ ਧਾਰਕ ਸੱਮਿਅਕ ਦ੍ਰਿਸ਼ਟੀ ਸਮਝਣਾ ਚਾਹੀਦਾ ਹੈ।

(237)ਜੋ ਸਾਰੇ ਭਾਵਾਂ ਦੇ ਪ੍ਰਤਿ ਜਾਗਰਿਤ ਹੈ, ਸੂਝਾਂ ਤੋਂ ਰਹਿਤ ਹੈ, ਦ੍ਰਿਸ਼ਟੀ (ਗਿਆਨ) ਨਾਲ ਭਰਪੂਰ ਹੈ, ਜੋ ਜਾਗਰਿਤ ਹੈ, ਉਹ ਹੀ ਸੱਮਿਅਕ ਦ੍ਰਿਸ਼ਟੀ ਹੈ।

(238)ਸੱਮਿਅਕ ਗਿਆਨ, ਸੱਮਿਅਕ ਦਰਸ਼ਨ, ਸੱਮਿਅਕ ਚਾਰਿੱਤਰ, ਸੱਮਿਅਕ ਤੱਪ, ਸ਼ਾਂਤੀ (ਖਿਮਾਂ) ਅਤੇ ਮੁਕਤੀ (ਲੋਭ ਤੋਂ ਰਹਿਤ) ਰਾਹੀਂ ਅੱਗੇ ਵਧਣਾ ਚਾਹੀਦਾ ਹੈ। ਜ਼ਿੰਦਗੀ ਨੂੰ ਵਰਧਮਾਨ (ਵਿਕਾਸਸ਼ੀਲ) ਬਨਾਉਣਾ ਚਾਹੀਦਾ ਹੈ।

(239) (ਵਿਵੇਕੀ ਪੁਰਸ਼) ਕਿਸੇ ਦੇ ਪ੍ਰਸ਼ਨ ਦਾ ਉੱਤਰ ਸਮੇਂ ਨਾਂ ਤਾ ਸ਼ਾਸਤਰ ਦਾ ਅਰਥ ਛਿਪਾਵੇ ਅਤੇ ਨਾ ਹੀ ਗਲਤ ਸਿਧਾਂਤ ਰਾਹੀਂ ਸ਼ਾਸਤਰ ਦੀ ਉਲੰਘਣਾ ਕਰੇ। ਨਾ ਮਾਨ ਕਰੇ, ਅਤੇ ਨਾ ਆਪਦੀ ਸ਼ੇਖੀ ਮਾਰੇ, ਨਾ ਕਿਸੇ ਵਿਦਵਾਨ ਦਾ ਹਾਸਾ ਮਜ਼ਾਕ ਉਡਾਵੇ ਅਤੇ ਨਾ ਹੀ ਕਿਸੇ ਨੂੰ ਆਸ਼ੀਰਵਾਦ ਦੇਵੇ।

(240)ਜਿੱਥੇ ਕਦੇ ਮਨ, ਵਚਨ, ਕਾਇਆ ਨੂੰ ਭੈੜੀ ਵਿਰਤੀ ਵਿਚ ਲੱਗਿਆ ਵੇਖੇ ਤਾਂ ਗਿਆਨੀ ਪੁਰਸ਼ ਆਪਣੇ ਆਪ ਨੂੰ ਸੰਭਾਲ ਲਵੇ। ਜਿਸ ਤਰ੍ਹਾਂ ਚੰਗਾ ਘੋੜਾ ਲਗਾਮ ਖਿੱਚਣ ਤੇ ਆਪਣੇ ਆਪ ਹੀ ਸੰਭਲ ਜਾਂਦਾ ਹੈ।

(241)''ਤੁਸੀਂ ਮਹਾਸਾਗਰ ਨੂੰ ਤਾਂ ਪਾਰ ਕਰ ਲਿਆ ਹੈ ਹੁਣ ਕਿਨਾਰੇ ਤੇ ਆ ਕੇ ਕਿਉਂ ਰੁਕ ਗਏ ਹੋ ? ਹੁਣ ਪਾਰ ਉਤਰਨ ਦੇ ਮਾਮਲੇ ਵਿਚ ਹੇ ਗੌਤਮ – ਤੂੰ ਕੁਝ ਸਮੇਂ ਲਈ ਵੀ ਪ੍ਰਮਾਦ

(ਗਫਲਤ ) ਨਾ ਕਰ।'' (ਇਹ ਸਥਿਰੀਕਰਨ ਸੱਮਿਅਕ ਦ੍ਰਿਸ਼ਟੀ ਹੈ।)

(242)ਜੋ ਧਾਰਮਿਕ ਲੋਕਾਂ ਦੀ ਭਗਤੀ ਕਰਦਾ ਹੈ ਉਨ੍ਹਾਂ ਦੇ ਰਾਹ ਤੇ ਸ਼ਰਧਾ ਨਾਲ ਚੱਲਦਾ ਹੈ ਅਤੇ ਪਿਆਰੇ ਵਾਕ ਬੋਲਦਾ ਹੈ, ਉਸ ਪਵਿੱਤਰ ਜੀਵ ਦੇ ਹੀ ਸੱਮਿਅਕਤ ਦ੍ਰਿਸ਼ਟੀ ਦਾ ਵਾਤਸ਼ਲਯ ਹੁੰਦਾ ਹੈ।

(243)ਧਰਮ ਕਥਾ ਦੇ ਕਥਨ ਰਾਹੀਂ ਨਿਰਦੋਸ਼ ਯੋਗ (ਧਿਆਨ) ਰਾਹੀਂ, ਜੀਵਾਂ ਉੱਤੇ ਰਹਿਮ ਤੇ ਉਨ੍ਹਾਂ ਦੀ ਰੱਖਿਆ ਰਾਹੀਂ ਧਰਮ ਦੀ ਪ੍ਰਭਾਵਨਾ (ਪ੍ਰਚਾਰ) ਕਰਨਾ ਚਾਹੀਦਾ ਹੈ।

(244)ਪ੍ਰਵਚਨ ਕੁਸ਼ਲ, ਧਰਮ ਕਥਾ ਕਰਨ ਵਾਲੇ, ਵਾਦ-ਵਿਵਾਦ ਕਰਨ ਵਾਲੇ, ਜੋਤਿਸ਼ ਸ਼ਾਸਤਰ ਦੇ ਜਾਣਕਾਰ, ਵਿੱਦਿਆ ਸਿੱਧ ਕਰਨ ਵਾਲੇ, ਰਿੱਧੀਆਂ-ਸਿੱਧੀਆਂ ਦੇ ਮਾਲਕ ਅਤੇ ਕਵੀ ਇਹ ਅੱਠ ਪੁਰਸ਼ ਧਰਮ ਦੀ ਪ੍ਰਭਾਵਨਾ (ਪ੍ਰਚਾਰ) ਕਰਨ ਵਾਲੇ ਆਖੇ ਗਏ ਹਨ।

# 19. ਸੱਮਿਅਕ ਗਿਆਨ ਸੂਤਰ

(245)(ਮੁਨੱਖ) ਸੁਣ ਕੇ ਹੀ ਕਲਿਆਣ ਜਾਂ ਆਤਮ ਹਿੱਤ ਦਾ ਰਾਹ ਜਾਣ ਸਕਦਾ ਹੈ। ਸੁਣ ਕੇ ਹੀ ਪਾਪ ਜਾਂ ਬੁਰੇ ਰਾਹ ਨੂੰ ਜਾਨ ਸਕਦਾ ਹੈ। ਇਸ ਲਈ ਸੁਣ ਕੇ ਹੀ ਭਲਾ ਤੇ ਬੁਰਾ ਦੋਹੇ ਤਰ੍ਹਾਂ ਦੇ ਰਾਹ ਨੂੰ ਜਾਣ ਕੇ, ਜੋ ਸਹੀ ਹੋਵੇ ਉਸ ਤੇ ਚੱਲਣਾ ਚਾਹੀਦਾ ਹੈ।

(246)ਗਿਆਨ ਦੇ ਰਾਹੀਂ ਹੀ ਸੱਮਿਅਕ ਦਰਸ਼ਨ ਦੇ ਮੂਲ ਤਪ, ਨਿਯਮ, ਸੰਜਮ ਵਿਚ ਸਥਿਤ ਹੋ ਕੇ ਕਰਮ ਰੂਪੀ ਮੈਲ ਤੋਂ ਸ਼ੁੱਧ ਹੋ ਕੇ, ਸਾਰੀ ਉਮਰ ਲਈ ਪੱਕੇ ਇਰਾਦੇ ਵਾਲਾ ਬਣ ਕੇ ਘੁੰਮੇ।

(247)ਜਿਵੇਂ ਜਿਵੇਂ ਮੁਨੀ ਆਤਮਾ ਦੀ ਸ਼ੁੱਧੀ ਰਾਹੀਂ, ਗਿਆਨ ਦੀ ਪ੍ਰਾਪਤੀ ਕਰਦਾ ਹੈ, ਉਸੇ ਤਰ੍ਹਾਂ ਹੀ ਨਿੱਤ ਨਵੇਂ ਵੈਰਾਗ ਭਰਪੂਰ ਸ਼ਰਧਾ ਨਾਲ ਆਤਮਾ ਨੂੰ ਪਵਿੱਤਰ ਕਰਦਾ ਹੈ।

(248)ਜਿਵੇਂ ਧਾਗੇ ਵਿਚ ਪਿਰੋਈ ਸੂਈ ਕੂੜੇ ਵਿਚ ਗੁੰਮ ਹੋਣ ਤੇ ਵੀ ਮਿਲ ਜਾਂਦੀ ਹੈ, ਉਸ ਪ੍ਰਕਾਰ ਸ਼ਾਸਤਰਾਂ ਦੇ ਗਿਆਨ ਵਿਚ ਆਤਮਾ ਨੂੰ ਪਿਰਾਉਣ ਵਾਲਾ, ਸੰਸਾਰ ਵਿਚ ਨਹੀਂ ਭਟਕਦਾ।

(249)ਸੱਮਿਅਕਤਵ ਰੂਪੀ ਰਤਨ ਤੋਂ ਰਹਿਤ, ਅਨੇਕਾਂ ਪ੍ਰਕਾਰ ਦੇ ਗ੍ਰੰਥਾਂ ਦਾ ਜਾਣਕਾਰ ਆਦਮੀ ਵੀ ਨਰਕ ਆਦਿ ਵਿਚ ਭਟਕਦਾ ਰਹਿੰਦਾ ਹੈ।

(250-251) ਜਿਸ ਮਨੁੱਖ ਵਿਚ ਪ੍ਰਮਾਣੂ ਜਿੰਨਾ ਵੀ ਰਾਗ ਆਦਿ ਭਾਵ ਮੌਜੂਦ ਹੈ, ਉਹ ਸਾਰੇ ਆਗਮਾਂ ਦਾ ਜਾਣਕਾਰ ਹੁੰਦਾ ਹੋਇਆ ਵੀ ਆਤਮਾ ਨੂੰ ਨਹੀਂ ਜਾਣਦਾ। ਆਤਮਾ ਨੂੰ ਜਾਣਨ ਕਾਰਨ

ਅਨਾਤਮਾ (ਆਤਮਾ ਤੋਂ ਇਲਾਵਾ) ਨੂੰ ਵੀ ਨਹੀਂ ਜਾਣ ਸਕਦਾ। ਇਸ ਤਰ੍ਹਾਂ ਜਦ ਉਹ ਜੀਵ-ਅਜੀਵ ਤੱਤਾਂ ਨੂੰ ਨਹੀਂ ਜਾਣਦਾ ਤਾਂ ਉਹ ਸੱਮਿਅਕ ਦ੍ਰਿਸ਼ਟੀ ਕਿਵੇਂ ਹੋ ਸਕਦਾ ਹੈ ?

(252)ਜਿਸ ਰਾਹੀਂ ਤੱਤਵ ਦਾ ਗਿਆਨ ਹੁੰਦਾ ਹੈ, ਚਿੱਤ ਤੇ ਕਾਬੂ ਹੁੰਦਾ ਹੈ, ਆਤਮਾ ਸ਼ੁੱਧ ਹੁੰਦੀ ਹੈ, ਉਸ ਨੂੰ ਹੀ ਜੈਨ ਧਰਮ ਵਿਚ ਗਿਆਨ ਆਖਿਆ ਗਿਆ ਹੈ।

(253)ਜਿਸ ਰਾਹੀਂ ਜੀਵ ਰਾਗ ਤੋਂ ਪਰੇ ਹੁੰਦਾ ਹੈ, ਰਾਗ ਰਹਿਤ ਪ੍ਰਾਪਤ ਹੋਣ ਵਾਲੇ ਫਲ ਪ੍ਰਤਿ ਜਾਗਦਾ ਹੈ, ਜਿਸ ਰਾਹੀਂ ਦੋਸਤੀ ਦੀ ਭਾਵਨਾ ਵਧਦੀ ਹੈ, ਉਸੇ ਨੂੰ ਜੈਨ ਧਰਮ ਵਿਚ ਗਿਆਨ ਆਖਿਆ ਗਿਆ ਹੈ।

(254)ਜੋ ਆਤਮਾ ਨੂੰ ਅਬੱਧ ਸਪ੍ਰਿਸ਼ਟ (ਸਰੀਰ ਦੀ ਕਰਮ ਰਹਿਤ ਅਵਸਥਾ) ਅਨਨੱਯ (ਪਹਿਲੀ ਸਥਿਤੀ ਤੋਂ ਭਿੰਨ ਨਵੀਂ ਸਥਿਤੀ), ਅਵਿਸ਼ੇਸ਼ (ਵਿਸ਼ੇਸ਼ ਤੋਂ ਰਹਿਤ) ਅਤੇ ਸ਼ੁਰੂ ਦਰਮਿਆਨ ਤੇ ਅਖ਼ੀਰ ਤੋਂ ਰਹਿਤ ਵੇਖਦਾ ਹੈ, ਉਹ ਸਮੁੱਚੇ ਜੈਨ ਧਰਮ ਨੂੰ ਵੇਖਦਾ ਹੈ।

(255)ਜੋ ਆਤਮਾ ਨੂੰ ਇਸ ਅਪਵਿੱਤਰ ਸਰੀਰ ਤੋਂ ਭਿੰਨ ਅਤੇ ਗਿਆਨੀ ਅਵਸਥਾ ਦੇ ਰੂਪ ਵਿਚ ਜਾਣਦਾ ਹੈ ਉਹ ਹੀ ਸਾਰੇ ਸ਼ਾਸਤਰਾਂ ਨੂੰ ਜਾਣਦਾ ਹੈ।

(256)ਜੋ ਜੀਵ ਆਤਮਾ ਨੂੰ ਸ਼ੁੱਧ ਜਾਣਦਾ ਹੈ, ਉਹ ਹੀ ਸ਼ੁੱਧ ਆਤਮਾ ਨੂੰ ਪ੍ਰਾਪਤ ਕਰਦਾ ਹੈ ਅਤੇ ਜੋ ਆਤਮਾ ਨੂੰ ਅਸ਼ੁੱਧ (ਸਰੀਰ ਸਹਿਤ) ਜਾਣਦਾ ਹੈ, ਉਹ ਅਸ਼ੁੱਧ ਆਤਮਾ ਨੂੰ ਪ੍ਰਾਪਤ ਕਰਦਾ ਹੈ।

(257)ਜੋ ਅਧਿਆਤਮ ਨੂੰ ਜਾਣਦਾ ਹੈ ਉਹ ਭੌਤਿਕ ਨੂੰ ਵੀ

ਜਾਣਦਾ ਹੈ, ਜੋ ਭੌਤਿਕ ਨੂੰ ਜਾਣਦਾ ਹੈ, ਉਹ ਅਧਿਆਤਮ ਨੂੰ ਵੀ ਜਾਣਦਾ ਹੈ।

(258)ਜੋ ਇਕ ਆਤਮਾ ਨੂੰ ਜਾਣਦਾ ਹੈ, ਉਹ ਸਭ ਜਗਤ ਨੂੰ ਜਾਣਦਾ ਹੈ, ਜੋ ਸਭ ਨੂੰ ਜਾਣਦਾ ਹੈ, ਉਹ ਇਕ ਨੂੰ ਵੀ ਜਾਣਦਾ ਹੈ।

(259)ਤੂੰ ਇਸ ਗਿਆਨ ਵਿਚ ਹਮੇਸ਼ਾ ਲੀਨ ਰਹਿ। ਇਸੇ ਵਿਚ ਸੰਤੁਸ਼ਟ ਰਹਿ। ਇਸ ਨਾਲ ਹੀ ਭੁੱਖ ਨੂੰ ਖ਼ਤਮ ਕਰ। ਇਸੇ ਰਾਹੀਂ ਤੈਨੂੰ ਉੱਤਮ ਸੁੱਖ ਮਿਲੇਗਾ।

(260)ਜੋ ਅਰਿਹੰਤ ਭਗਵਾਨ ਨੂੰ ਦਰੱਵ, ਗੁਣ, ਪਰਿਆਏ, ਦੇ ਪੱਖੋਂ (ਪੂਰੀ ਤਰ੍ਹਾਂ) ਜਾਣਦਾ ਹੈ, ਉਹ ਆਤਮਾ ਨੂੰ ਵੀ ਜਾਣਦਾ ਹੈ, ਉਸ ਦਾ ਮੋਹ ਨਿਸ਼ਚੈ ਹੀ ਖ਼ਤਮ ਹੋ ਜਾਂਦਾ ਹੈ।

(261)ਜਿਵੇਂ ਕੋਈ ਮਨੁੱਖ ਧਨ ਪ੍ਰਾਪਤ ਹੋ ਜਾਣ ਤੇ ਉਸ ਦੀ ਵਰਤੋਂ ਆਪਣੇ ਲੋਕਾਂ ਵਿਚ ਹੀ ਕਰਦਾ ਹੈ, ਉਸੇ ਪ੍ਰਕਾਰ ਗਿਆਨ ਰੂਪੀ ਧਨ ਪ੍ਰਾਪਤ ਹੋ ਜਾਣ ਤੇ ਗਿਆਨੀ ਲੋਕ ਉਸ ਨੂੰ ਹੋਰ ਦਰੱਵਾਂ ਤੋਂ ਪਰੇ ਰਹਿ ਕੇ ਆਪਣੇ ਵਿਚ ਹੀ ਵਰਤੋਂ ਕਰਦੇ ਹਨ।

(ੳ) ਵਿਵਹਾਰ ਚਾਰਿੱਤਰ :

(262)ਵਿਵਹਾਰ ਨਯ ਦੇ ਚਾਰਿੱਤਰ ਵਿਚ ਵਿਵਹਾਰ ਪੱਖੋਂ ਤਪੱਸਿਆ ਕੀਤੀ ਜਾਂਦੀ ਹੈ। ਨਿਸ਼ਚੈ ਨਯ ਦੇ ਚਾਰਿੱਤਰ ਪੱਖੋਂ ਨਿਸ਼ਚੈ ਰੂਪ ਵਿਚ ਤਪੱਸਿਆ ਕੀਤੀ ਜਾਂਦੀ ਹੈ।

(263)ਅਸ਼ੁਭ ਤੋਂ ਛੁਟਕਾਰਾ ਅਤੇ ਸ਼ੁਭ ਵਿਚ ਲੱਗਣਾ ਹੀ ਵਿਵਹਾਰ ਚਾਰਿੱਤਰ ਹੈ। ਜੋ ਪੰਜ ਵਰਤ, ਪੰਜ ਸਮਿਤਿ ਤੇ ਤਿੰਨ ਗੁਪਤੀਆਂ ਦੇ ਰੂਪ ਵਿਚ ਜਿਨਦੇਵ ਨੇ ਫੁਰਮਾਏ ਹਨ।

(264)ਸ਼ਰੁਤ ਗਿਆਨ ਵਿਚ ਮਗਨ ਜੀਵ ਜੇ ਤੱਪ ਸੰਜਮ ਰੂਪ ਦੇ ਸੁਮੇਲ ਨੂੰ ਧਾਰਨ ਕਰਨ ਵਿਚ ਅਸਮਰਥ ਹੈ, ਤਾਂ ਉਹ ਮੋਕਸ਼ ਵਿਚ ਨਹੀਂ ਜਾ ਸਕਦਾ।

(265)ਸ਼ਾਸਤਰ ਰਾਹੀਂ ਮੋਕਸ਼ ਮਾਰਗ ਨੂੰ ਜਾਣ ਕੇ ਵੀ, ਸੱਚੀ ਕ੍ਰਿਆ ਤੋਂ ਰਹਿਤ ਗਿਆਨ, ਚੰਗੇ ਲਕਸ਼ ਨੂੰ ਪ੍ਰਾਪਤ ਨਹੀਂ ਕਰਾ ਸਕਦੇ। ਜਿਵੇਂ ਰਾਹ ਦਾ ਜਾਣਕਾਰ ਪੁਰਸ਼ ਕੋਸ਼ਿਸ਼ ਤੋਂ ਬਿਨਾਂ ਮਨ ਭਾਉਂਦੇ ਦੇਸ ਵਿਚ ਨਹੀਂ ਜਾ ਸਕਦਾ ਜਾਂ ਹਵਾ ਦੇ ਠੀਕ ਉਲਟ ਹੋਣ ਕਾਰਨ ਜਹਾਜ਼ ਆਪਣੀ ਮੰਜ਼ਿਲ ਤੇ ਨਹੀਂ ਪਹੁੰਚ ਸਕਦਾ।

(266)ਚਾਰਿੱਤਰ ਤੋਂ ਰਹਿਤ ਪੁਰਸ਼ ਦਾ ਵਿਸ਼ਾਲ ਸ਼ਾਸਤਰਾਂ ਦਾ ਗਿਆਨ ਬੇਅਰਥ ਹੈ ਜਿਵੇਂ ਅੰਨ੍ਹੇ ਮਨੁੱਖ ਲਈ ਲੱਖਾਂ, ਕਰੋੜਾਂ ਦੀਵਿਆਂ ਦਾ ਪ੍ਰਕਾਸ਼ ਬੇਅਰਥ ਹੈ।

(267)ਚਾਰਿੱਤਰ ਦਾ ਧਨੀ ਚਾਹੇ ਘੱਟ ਗਿਆਨ ਦਾ ਹੀ ਮਾਲਿਕ ਹੋਵੇ, ਵੀ ਬਹੁਤ ਹੈ। ਚਾਰਿੱਤਰ ਰਹਿਤ ਦਾ ਖਾਲੀ ਸ਼ਾਸਤਰਾਂ ਦੇ ਗਿਆਨ ਬੇਅਰਥ ਹੈ।

(ਅ) ਨਿਸ਼ਚੈ ਚਾਰਿੱਤਰ :

(268)ਨਿਸ਼ਚੈ ਨਯ ਪੱਖੋਂ ਆਤਮਾ ਦਾ ਆਤਮਾ ਵਿਚ ਰਮ ਜਾਣਾ ਹੀ ਸੱਮਿਅਕ ਚਾਰਿੱਤਰ ਹੈ ਅਜਿਹੇ ਚਾਰਿੱਤਰਸ਼ੀਲ ਯੋਗੀ ਨੂੰ ਹੀ ਨਿਰਵਾਨ ਪ੍ਰਾਪਤ ਹੁੰਦਾ ਹੈ।

(269)ਜਿਸ ਨੂੰ ਜਾਣ ਕੇ ਯੋਗੀ ਪਾਪ ਤੇ ਪੁੰਨ ਦੋਹਾਂ ਦਾ ਖ਼ਾਤਮਾ ਕਰਦੇ ਹਨ, ਉਸ ਨੂੰ ਹੀ ਕਰਮ ਰਹਿਤ ਨਿਰਵਿਕਲਪ ਚਾਰਿੱਤਰ ਆਖਿਆ ਗਿਆ ਹੈ।

(270)ਜੋ ਰਾਗ ਦੇ ਵਸ ਪੈ ਕੇ, ਪਰ ਦਰਵਾਂ ਵਿਚ ਸ਼ੁਭ ਤੇ

ਅਸ਼ੁਭ ਭਾਵ ਰੱਖਦਾ ਹੈ, ਉਹ ਜੀਵ ਆਪਣੇ ਚਾਰਿੱਤਰ ਤੋਂ ਭਰਿਸ਼ਟ ਹੋ ਜਾਂਦਾ ਹੈ। ਉਹ ਪਰ-ਚਾਰਿੱਤਰਾਚਾਰਿ ਹੁੰਦਾ ਹੈ।

(271)ਜੋ ਪਰਿਗ੍ਰਹਿ ਮੁਕਤ ਹੋ ਕੇ ਅਤੇ ਸੁੱਖ ਅਵਸਥਾ ਵਿਚ ਰਹਿ ਕੇ ਆਤਮਾ ਦੇ ਗਿਆਨ ਦਰਸ਼ਨ ਵਾਲੇ ਸੁਭਾਵ ਨੂੰ ਜਾਣਦਾ ਹੈ, ਉਹ ਸਵਕੀਯ ਚਾਰਿੱਤਰਾਚਾਰਿ ਹੈ।

(272)ਜੋ ਪਰਮਾਰਥ ਵਿਚ ਪੱਕਾ ਨਹੀਂ ਉਸ ਦੀ ਤਪੱਸਿਆ ਅਤੇ ਵਰਤਾਂ ਦੇ ਪਾਲਣ ਕਰਨ ਨੂੰ ਸਰਵੱਗਾਂ (ਸਭ ਕੁਝ ਜਾਨਣ ਵਾਲੇ ਅਰਿਹੰਤ) ਨੇ ਬਚਪਨਾਂ ਅਤੇ ਬਾਲ ਵਰਤ ਆਖਿਆ ਹੈ।

(273)ਜੋ ਬਾਲ (ਪਰਮਾਰਥ ਰਹਿਤ ਅਗਿਆਨੀ) ਮਹੀਨੇ ਮਹੀਨੇ ਦੀ ਤਪੱਸਿਆ ਕਰਦਾ ਹੈ ਅਤੇ ਪਾਰਨੇ (ਵਰਤ ਖੋਲ੍ਹਣਾ) ਵਾਲੇ ਦਿਨ ਉਨਾ ਭੋਜਨ ਲੈਂਦਾ ਹੈ ਜਿੰਨਾ ਕਿ ਘਾਹ ਦੇ ਉਪਰਲੇ ਹਿੱਸੇ ਉੱਤੇ ਠਹਿਰਦਾ ਹੈ, ਅਜਿਹਾ ਤਪੱਸਵੀ ਸੱਚੇ ਧਰਮ ਦੀ ਸੋਲ੍ਹਵੀਂ ਕਲਾ ਵੀ ਪ੍ਰਾਪਤ ਨਹੀਂ ਕਰ ਸਕਦਾ (ਭਾਵ ਗਿਆਨ ਰਹਿਤ ਤਪ ਤੇ ਵਰਤ ਵਿਕਾਰ ਹਨ)।

(274)ਅਸਲ ਵਿਚ ਚਾਰਿੱਤਰ ਵਿਚ ਹੀ ਧਰਮ ਹੈ। ਇਸ ਧਰਮ ਨੂੰ ਸਮਰੂਪ ਕਿਹਾ ਗਿਆ ਹੈ। ਮੋਹ ਤੇ ਦੁੱਖ ਤੋਂ ਰਹਿਤ ਆਤਮਾ ਦੀ ਨਿਰਮਲ ਅਵਸਥਾ ਹੀ ਸ਼ਮ ਜਾ ਸਮਤਾ ਹੈ।

(275)ਸਮਤਾ, ਮਾਧਿਅਸਥ ਭਾਵ, ਸ਼ੁੱਧ ਭਾਵ, ਵੀਤਰਾਗਤਾ ਚਾਰਿੱਤਰ, ਧਰਮ ਅਤੇ ਸਵ-ਭਾਵ ਅਰਾਧਨਾ ਇਨ੍ਹਾਂ ਸ਼ਬਦਾਂ ਦਾ ਇਕ ਹੀ ਅਰਥ ਹੈ।

(276)ਜਿਸ ਨੇ (ਸਵ ਦਰੱਵ ਤੇ ਪਰ ਦਰੱਵ ਦੇ ਭੇਦ ਗਿਆਨ ਤੇ ਸ਼ਰਧਾ ਅਤੇ ਅਮਲ ਰਾਹੀਂ) ਪਦਾਰਥਾਂ ਤੇ ਸੂਤਰਾਂ (ਸ਼ਾਸਤਰਾਂ) ਨੂੰ

ਚੰਗੀ ਤਰ੍ਹਾਂ ਸਮਝ ਲਿਆ ਹੈ, ਜੋ ਸੰਜਮ ਤੇ ਤੱਪ ਨਾਲ ਭਰਪੂਰ ਹੈ। ਜਿਸ ਦਾ ਰਾਗ ਖ਼ਤਮ ਹੋ ਗਿਆ ਹੈ। ਸੁੱਖ-ਦੁੱਖ ਵਿਚ ਇਕ ਤਰ੍ਹਾਂ ਹੀ ਰਹਿੰਦਾ ਹੈ। ਉਸੇ ਸ੍ਰਮਣ ਨੂੰ ਸ਼ੁੱਧ ਉਪਯੋਗ ਕਿਹਾ ਜਾਂਦਾ ਹੈ।

(277)ਸ਼ੁੱਧ ਉਪਯੋਗ ਵਾਲੇ ਦਾ ਹੀ ਸ੍ਰਮਣਯ (ਸਾਧੂਪੁਣਾ) ਕਿਹਾ ਗਿਆ ਹੈ। ਉਸੇ ਨੂੰ ਹੀ ਦਰਸ਼ਨ ਤੇ ਗਿਆਨ ਕਿਹਾ ਗਿਆ ਹੈ। ਉਸ ਨੂੰ ਨਿਰਵਾਨ ਹੁੰਦਾ ਹੈ। ਉਹ ਹੀ ਸਿੱਧ ਅਵਸਥਾ ਪ੍ਰਾਪਤ ਕਰਦਾ ਹੈ। ਉਸ ਨੂੰ ਮੈਂ ਨਸਮਕਾਰ ਕਰਦਾ ਹਾਂ।

(278)ਸ਼ੁੱਧ ਉਪਯੋਗ ਰਾਹੀਂ ਸਿੱਧ ਹੋਣ ਵਾਲੀਆਂ ਆਤਮਾਵਾਂ ਨੂੰ ਅਤਿਸ਼ੈ, ਆਤਮਾ ਉਤਪੰਨ, ਵਿਸ਼ਿਆਂ ਤੋਂ ਰਹਿਤ, ਅਨੁਪਮ, ਅਨੰਤ ਅਤੇ ਨਾ ਖ਼ਤਮ ਕਰਨ ਵਾਲਾ ਸੁੱਖ ਪ੍ਰਾਪਤ ਹੁੰਦਾ ਹੈ।

(279)ਜਿਸ ਦਾ ਸਾਰੇ ਦ੍ਰਵਾਂ ਪ੍ਰਤੀ ਰਾਗ, ਦਵੇਸ਼ ਤੇ ਮੋਹ ਨਹੀਂ ਹੈ, ਜੋ ਸੁੱਖ-ਦੁੱਖ ਵਿਚ ਇਕ ਤਰ੍ਹਾਂ ਹੀ ਰਹਿੰਦਾ ਹੈ। ਉਸ ਭਿਕਸ਼ੂ ਦੇ ਸ਼ੁਭ ਤੇ ਅਸ਼ੁਭ ਕਰਮਾਂ ਦਾ ਆਸ਼ਰਵ (ਇਕੱਠ) ਨਹੀਂ ਹੁੰਦਾ।

(ਏ) ਸਮਨਬਯ

(280)ਨਿਸ਼ਚੈ ਚਾਰਿੱਤਰ ਤਾਂ ਪ੍ਰਾਪਤ ਅਵਸਥਾ ਹੈ ਅਤੇ ਸਹਾਰਾ (ਵਿਵਹਾਰ) ਪ੍ਰਾਪਤ ਕਰਨ ਦਾ ਢੰਗ ਹੈ। ਪ੍ਰਾਪਤ ਤੇ ਪ੍ਰਾਪਤ ਕਰਨ ਦੇ ਢੰਗਾਂ ਨੂੰ ਸਿਲਸਿਲੇਵਾਰ ਧਾਰਨ ਕਰਕੇ ਜੀਵ ਗਿਆਨ ਪ੍ਰਾਪਤ ਕਰਦੇ ਹਨ।

(281)ਅੰਦਰਲੀ ਸ਼ੁੱਧੀ ਹੋਣ ਨਾਲ ਬਾਹਰਲੀ ਸ਼ੁੱਧੀ ਵੀ ਹੋ ਜਾਂਦੀ ਹੈ। ਅੰਦਰਲੇ ਦੋਸ਼ ਰਾਹੀਂ ਹੀ ਮਨੁੱਖ ਬਾਹਰਲੇ ਦੋਸ਼ ਕਰਦਾ

ਹੈ।

(282)ਮਦ (ਨਸ਼ਾ), ਮਾਨ, ਮਾਇਆ ਅਤੇ ਲੋਭ ਤੋਂ ਰਹਿਤ ਭਾਵਨਾ ਹੀ ਭਾਵ ਸ਼ੁੱਧੀ ਹੈ। ਅਜਿਹੇ ਲੋਕ ਅਲੋਕ ਦੇ ਜਾਣਕਾਰ ਸਰਵੱਗਾਂ ਦਾ ਸੰਸਾਰੀ ਜੀਵਾਂ ਲਈ ਉਪਦੇਸ਼ ਹੈ।

(283)ਪਾਪ ਆਰੰਬ (ਲਗਨਾ) ਨੂੰ ਤਿਆਗ ਕੇ ਸ਼ੁਭ ਅਰਥਾਤ ਵਿਵਹਾਰ ਚਾਰਿੱਤਰ ਤੇ ਚੜ੍ਹ ਕੇ ਵੀ ਜੇ ਜੀਵ ਮੋਹ ਆਦਿ ਭਾਵਾਂ ਤੋਂ ਮੁਕਤ ਨਹੀਂ ਹੁੰਦਾ, ਤਾਂ ਉਹ ਸ਼ੁੱਧ ਆਤਮਾ ਪ੍ਰਾਪਤ ਨਹੀਂ ਕਰ ਸਕਦਾ।

(284)ਜਿਵੇਂ ਸ਼ੁਭ ਚਾਰਿੱਤਰ ਰਾਹੀਂ ਅਸ਼ੁਭ ਕਰਮਾਂ ਤੇ ਰੋਕ ਲੱਗ ਜਾਂਦੀ ਹੈ, ਉਸੇ ਪ੍ਰਕਾਰ ਸ਼ੁੱਧ ਅਵਸਥਾ ਵਿਚ ਸ਼ੁਭ ਕਰਮਾਂ ਤੇ ਰੋਕ ਲੱਗ ਜਾਂਦੀ ਹੈ। ਇਸ ਤਰੀਕੇ ਨਾਲ ਯੋਗ ਆਤਮਾ ਦਾ ਧਿਆਨ ਕਰੇ।

(285)ਨਿਸ਼ਚੈ ਨਯ ਪੱਖੋਂ ਚਾਰਿੱਤਰ (ਭਾਵਸ਼ੁੱਧੀ) ਦਾ ਖ਼ਾਤਮਾ ਹੋਣ ਤੇ ਗਿਆਨ ਦਰਸ਼ਨ ਦਾ ਵੀ ਖ਼ਾਤਮਾ ਹੋ ਜਾਂਦਾ ਹੈ। ਪਰ ਵਿਵਹਾਰ ਨਯ ਪੱਖੋਂ ਚਾਰਿੱਤਰ ਦਾ ਘਾਤ ਹੋਣ ਤੇ ਗਿਆਨ ਦਰਸ਼ਨ ਦਾ ਖ਼ਾਤਮਾ ਹੋ ਵੀ ਸਕਦਾ ਹੈ ਅਤੇ ਨਹੀਂ ਵੀ ਹੋ ਸਕਦਾ।

(286-287) ਸ਼ਰਧਾ ਨੂੰ ਨਗਰ, ਤੱਪ ਤੇ ਸੰਬਰ ਨੂੰ ਅਰਗਲਾ (ਤੋਪ), ਖਿਮਾ ਨੂੰ (ਬੁਰਜ, ਖਾਈ ਤੇ ਤੋਪ), ਤਿੰਨ ਗੁਪਤੀਆਂ ਨੂੰ ਸੁਰੱਖਿਆ ਅਤੇ ਅਜਿੱਤ ਬਣਾ ਕੇ, ਤੱਪ ਰੂਪੀ ਬਾਣੀ ਨੂੰ ਧਨੁਸ਼ ਤੇ ਚੜ੍ਹਾ ਕੇ, ਕਰਮਾਂ ਰੂਪੀ ਕਵਚ ਨੂੰ ਖ਼ਤਮ ਕਰਕੇ ਅੰਦਰਲੀ ਲੜਾਈ ਕਰਕੇ ਮੁਨੀ ਸੰਸਾਰ ਤੋਂ ਮੁਕਤ ਹੋ ਜਾਂਦਾ ਹੈ।

(288)ਜਿਨਦੇਵ ਦੇ ਮਤ ਅਨੁਸਾਰ ਭੋਜਨ, ਬਿਸਤਰਾ ਅਤੇ

ਨੀਂਦ ਨੂੰ ਜਿੱਤ ਕੇ ਗੁਰੂ ਕ੍ਰਿਪਾ ਰਾਹੀਂ ਗਿਆਨ ਪ੍ਰਾਪਤ ਕਰਕੇ ਆਪਣੀ ਆਤਮਾ ਦਾ ਹੀ ਧਿਆਨ ਕਰਨਾ ਚਾਹੀਦਾ ਹੈ।

(289)ਸੰਪੂਰਨ ਗਿਆਨ ਦਾ ਪ੍ਰਕਾਸ਼ ਹੋਣ ਤੇ ਅਗਿਆਨ ਤੇ ਮੋਹ ਦਾ ਖ਼ਾਤਮਾ ਹੋਣ ਤੇ ਅਤੇ ਰਾਗ ਦਵੇਸ਼ ਦਾ ਪੂਰੀ ਤਰ੍ਹਾਂ ਖ਼ਾਤਮਾ ਹੋਣ ਤੇ ਜੀਵ ਏਕਾਂਤ ਮੁੱਖ ਜਾਂ ਮੋਕਸ਼ ਨੂੰ ਪ੍ਰਾਪਤ ਕਰਦਾ ਹੈ।

(290)ਗੁਰੂ ਤੇ ਬਜ਼ੁਰਗਾਂ ਦੀ ਸੇਵਾ ਕਰਨਾ, ਅਗਿਆਨੀਆਂ ਦੇ ਮਿਲਾਪ ਤੋਂ ਦੂਰ ਰਹਿਣਾ, ਸਵਾਧਿਆਏ ਕਰਨਾ, ਇਕੱਲੇ ਰਹਿਣਾ, ਸੂਤਰ ਤੇ ਅਰਥ ਦਾ ਵਿਚਾਰ ਕਰਨਾ, ਹੌਸਲਾ ਰੱਖਣਾ ਇਹ ਦੁੱਖਾਂ ਤੋਂ ਮੁਕਤੀ ਦਾ ਰਾਹ ਹੈ।

(291)ਸਮਾਧੀ ਦਾ ਇਛੁੱਕ ਤਪੱਸਵੀ ਸ੍ਰਮਣ, ਪਰਿਮਿਤ ਅਤੇ ਏਸ਼ਨੀਆ (ਸ਼ੁੱਧ) ਭੋਜਨ ਦੀ ਇੱਛਾ ਕਰਕੇ ਗਿਆਨੀ ਨਾਲ ਹੀ ਮਿਲਾਪ ਰੱਖੇ, ਏਕਾਂਤ ਜਗ੍ਹਾ ਤੇ ਹੀ ਰਹੇ।

(292)ਜੋ ਮਨੁੱਖ ਹਿੱਤ-ਮਿਤ ਤੇ ਥੋੜ੍ਹਾ ਭੋਜਨ ਕਰਦੇ ਹਨ, ਉਨ੍ਹਾਂ ਨੂੰ ਕਦੇ ਵੈਦ ਤੋਂ ਇਲਾਜ ਕਰਾਉਣ ਦੀ ਜ਼ਰੂਰਤ ਨਹੀਂ। ਉਹ ਆਪਣਾ ਵੈਦ ਆਪ ਹੁੰਦਾ ਹੈ। ਉਹ ਆਪਣੀ ਅੰਦਰਲੀ ਸ਼ੁੱਧੀ ਵੱਲ ਲੱਗੇ ਰਹਿੰਦੇ ਹਨ।

(293)ਰਸਾਂ ਦੀ ਜ਼ਿਆਦਾ ਵਰਤੋਂ ਨਹੀਂ ਕਰਨੀ ਚਾਹੀਦੀ। ਰਸ ਹਮੇਸ਼ਾ ਤਾਕਤ ਦੇਣ ਵਾਲੇ ਹੁੰਦੇ ਹਨ। ਵਿਸ਼ਿਆਂ ਵਿਚ ਫਸਿਆਂ ਨੂੰ ਕਾਮ ਉਸੇ ਪ੍ਰਕਾਰ ਸਤਾਉਂਦਾ ਹੈ, ਜਿਵੇਂ ਸੁਆਦਲੇ ਫਲਾਂ ਵਾਲੇ ਦਰਖ਼ਤ ਨੂੰ ਪੰਛੀ ਤੰਗ ਕਰਦੇ ਹਨ।

(294)ਜੋ ਵਿਵਿਕਤ (ਇਸਤਰੀ ਤੋਂ ਰਹਿਤ) ਬਿਸਤਰੇ ਵਾਲਾ ਹੈ। ਥੋੜ੍ਹਾ ਭੋਜਨ ਕਰਨ ਵਾਲਾ ਹੈ। ਇੰਦਰੀਆਂ ਤੇ ਕਾਬੂ ਰੱਖਣ

ਵਾਲਾ ਹੈ, ਉਸ ਦੇ ਚਿੱਤ ਨੂੰ ਰਾਗ ਦਵੇਸ਼ ਰੂਪੀ ਵਿਕਾਰ ਹਰਾ ਨਹੀਂ ਸਕਦੇ, ਜਿਵੇਂ ਦਵਾਈ ਰਾਹੀਂ ਖ਼ਤਮ ਬਿਮਾਰੀ ਫਿਰ ਨਹੀਂ ਸਤਾਉਂਦੀ।

(295)ਜਦ ਤਕ ਬੁਢਾਪਾ ਨਹੀਂ ਸਤਾਉਂਦਾ ਰੋਗ ਨਹੀਂ ਘੇਰਦੇ , ਇੰਦਰੀਆਂ ਕਮਜ਼ੋਰ ਨਹੀਂ ਹੁੰਦੀਆਂ, ਤਦ ਤੱਕ ਤਾਕਤ ਅਨੁਸਾਰ ਧਰਮ ਧਾਰਨ ਕਰ ਲੈਣਾ ਚਾਹੀਦਾ ਹੈ।

# 22. ਦਿਵਿਵਿਧ ਧਰਮ ਸੂਤਰ

(296)ਜਨਮ, ਬਿਮਾਰੀ, ਮੌਤ ਤੋਂ ਮੁਕਤ ਜਿਨੇਂਦਰ ਦੇਵ ਨੇ ਇਸ ਲੋਕ ਵਿਚ ਦੋ ਹੀ ਰਾਹ ਦੱਸੇ ਹਨ, ਇਕ ਹੈ ਉੱਤਮ ਸ਼੍ਰਮਣਾ ਦਾ, ਦੂਸਰਾ ਹੈ ਉੱਤਮ ਸ਼੍ਰਾਵਕਾਂ ਦਾ।

(297)ਸ਼੍ਰਾਵਕ ਧਰਮਾਂ ਵਿਚ ਦਾਨ ਤੇ ਪੂਜਾ ਮੁੱਖ ਹੈ। ਇਨ੍ਹਾਂ ਤੋਂ ਬਿਨਾਂ ਕੋਈ ਸ਼੍ਰਾਵਕ ਨਹੀਂ ਅਖਵਾ ਸਕਦਾ। ਸ਼੍ਰਮਣ ਧਰਮ ਵਿਚ ਧਿਆਨ ਤੇ ਅਧਿਐਨ ਪ੍ਰਮੁੱਖ ਹੈ। ਇਨ੍ਹਾਂ ਤੋਂ ਬਿਨਾਂ ਕੋਈ ਸ਼੍ਰਮਣ ਨਹੀਂ ਅਖਵਾ ਸਕਦਾ।

(298)ਭਾਵੇਂ ਸ਼ੁੱਧ ਆਚਾਰ ਵਾਲੇ ਸਾਧੂ ਸਾਰੇ ਗ੍ਰਹਿਸਥਾਂ ਤੋਂ ਸਰੇਸ਼ਟ ਹੁੰਦਾ ਹੈ, ਪਰ ਕੁਝ (ਚਾਰਿੱਤਰਹੀਨ) ਭਿਕਸ਼ੂਆਂ ਪੱਖੋਂ ਗ੍ਰਹਿਸਥ ਚੰਗੇ ਹੁੰਦੇ ਹਨ।

(299)ਜੋ ਸਿਰ ਮੁਨਾ ਕੇ ਸਾਧੂ ਬਨਣ ਵਿਚ ਅਸਮਰਥ ਹੈ, ਉਹ ਹੀ ਜਿਨੇਂਦਰ ਦੇਵ ਰਾਹੀਂ ਦੱਸੇ ਸ਼੍ਰਾਵਕ ਧਰਮ ਨੂੰ ਅੰਗੀਕਾਰ ਕਰ ਸਕਦਾ ਹੈ।

(300)ਸ਼੍ਰਾਵਕ ਧਰਮ ਵਿਚ ਪੰਜ ਵਰਤ ਤੇ ਸੱਤ ਸਿੱਖਿਆ ਵਰਤ ਹੁੰਦੇ ਹਨ। ਜੋ ਇਨ੍ਹਾਂ ਸਭ ਦਾ ਜਾਂ ਇਨ੍ਹਾਂ ਵਿਚੋਂ ਕੁਝ ਦਾ ਪਾਲਣ ਕਰਦਾ ਹੈ, ਉਹ ਸ਼੍ਰਾਵਕ ਅਖਵਾਉਂਦਾ ਹੈ।

# 23. ਸ਼੍ਰਾਵਕ ਧਰਮ ਸੂਤਰ

(301)ਜਿਸ ਨੂੰ ਸੱਮਿਅਕ ਦਰਸ਼ਨ, ਸੱਮਿਅਕ ਗਿਆਨ ਅਤੇ ਸੱਮਿਅਕ ਚਾਰਿੱਤਰ ਪ੍ਰਾਪਤ ਹੈ ਅਤੇ ਜੋ ਹਰ ਰੋਜ਼ ਸਾਧੂ ਸਾਧਵੀਆਂ ਤੋਂ ਧਰਮ ਸਮਾਚਾਰੀ (ਸ਼ੁੱਧ ਧਰਮ) ਉਪਦੇਸ਼ ਸੁਣਦਾ ਹੈ, ਉਸ ਨੂੰ ਸ਼੍ਰਾਵਕ ਆਖਦੇ ਹਨ।

(302)ਜਿਸ ਦੀ ਬੁੱਧੀ ਸੱਮਿਅਕ ਦਰਸ਼ਨ ਰਾਹੀਂ ਸ਼ੁੱਧ ਹੋ ਗਈ ਹੈ ਜੋ ਪੰਜ ਉਦਮਵਰ ਫਲ (ਉਮਰ, ਕਠੂਮਰ, ਗੂਲਰ, ਪੀਪਲ ਤੇ ਬਰੋਟੇ) ਦੇ ਨਾਲ ਨਾਲ ਸੱਤ ਵਯਸਨ (ਭੈੜੀਆਂ ਆਦਤਾਂ) ਨੂੰ ਛੱਡਦਾ ਹੈ ਉਹ ਦਾਰਸ਼ਨਿਕ ਸ਼੍ਰਾਵਕ ਹੈ।

(303)ਪਰਇਸਤਰੀ ਨਾਲ ਮੇਲ ਮਿਲਾਪ, ਜੂਆ, ਸ਼ਰਾਬ, ਸ਼ਿਕਾਰ, ਬਚਨ ਪਰੁਸ਼ਤਾ (ਕੌੜੇ ਬੋਲ) ਕਠੋਰ ਦੰਡ ਅਤੇ ਚੋਰੀ ਕਰਨਾ ਇਹ ਸੱਤ ਵਿਅਸਨ ਹਨ।

(304)ਮਾਂਸ ਖਾਨ ਨਾਲ ਦਰਪ (ਨਸ਼ਾ) ਵਧਦਾ ਹੈ। ਦਰਪ ਕਾਰਨ ਮਨੁੱਖ ਵਿਚ ਸ਼ਰਾਬ ਪੀਣ ਦੀ ਇੱਛਾ ਜਾਗਦੀ ਹੈ। ਫਿਰ ਉਹ ਜੂਆ ਖੇਲਦਾ ਹੈ। ਇਸ ਪ੍ਰਕਾਰ ਇਸ ਮਾਂਸ ਖਾਨ ਨਾਲ ਮਨੁੱਖ ਉਪਰੋਕਤ ਦੋਸ਼ਾਂ ਨੂੰ ਗ੍ਰਹਿਣ ਕਰਦਾ ਹੈ।

(305)ਲੋਕਿਕ ਸ਼ਾਸਤਰਾਂ ਵਿਚ ਇਸ ਗੱਲ ਦਾ ਉਦਾਹਰਨ ਮਿਲਦਾ ਹੈ ਕਿ ਮਾਂਸ ਖਾਨ ਕਾਰਨ ਅਕਾਸ਼ ਵਿਚ ਘੁੰਮਣ ਵਾਲਾ ਵਿਪਰ (ਬ੍ਰਾਹਮਣ) ਜ਼ਮੀਨ ਤੇ ਗਿਰ ਗਿਆ। ਇਸ ਲਈ ਮਾਂਸ ਨਹੀਂ ਖਾਣਾ ਚਾਹੀਦਾ।

(306)(ਮਾਂਸ ਦੀ ਤਰ੍ਹਾਂ) ਸ਼ਰਾਬ ਕਾਰਨ ਮਨੁੱਖ ਨਸ਼ੇ ਕਾਰਨ

ਨਿੰਦਾਯੋਗ ਕੰਮ ਕਰਦਾ ਹੈ। ਸਿੱਟੇ ਵਜੋਂ ਇਸ ਲੋਕ ਤੇ ਪਰਲੋਕ ਵਿਚ ਦੁੱਖ ਭੋਗਦਾ ਹੈ।

(307)ਜਿਸ ਦੇ ਦਿਲ ਵਿਚ ਸੰਸਾਰ ਪ੍ਰਤੀ ਵੈਰਾਗ ਉਤਪੰਨ ਕਰਨ ਵਾਲੀ, ਕੰਡਿਆਂ ਤੋਂ ਰਹਿਤ, ਮੇਰੂ ਪਰਬਤ ਦੀ ਤਰ੍ਹਾਂ ਮਜਬੂਤ ਅਤੇ ਦ੍ਰਿੜ ਜਿਨ ਭਗਤੀ ਹੈ, ਉਸ ਨੂੰ ਸੰਸਾਰ ਵਿਚ ਕਿਸੇ ਤਰ੍ਹਾਂ ਦਾ ਡਰ ਤੰਗ ਨਹੀਂ ਕਰ ਸਕਦਾ।

(308) ਦੁਸ਼ਮਣ ਵੀ ਵਿਨੈਵਾਨ ਦਾ ਦੋਸਤ ਬਣ ਜਾਂਦਾ ਹੈ। ਇਸ ਲਈ ਦੇਸ਼ ਵਿਰਤ ਜਾਂ ਅਣੂਵਰਤੀ ਸ੍ਰਾਵਕ ਨੂੰ ਮਨ, ਬਚਨ ਤੇ ਸਰੀਰ ਰਾਹੀਂ, ਸੱਮਿਅਕਤਵ ਆਦਿ ਗੁਣਾਂ ਰਾਹੀਂ ਗੁਣਵਾਨ ਮਹਾਂਪੁਰਸ਼ਾਂ ਦੀ ਵਿਨੈ (ਸੇਵਾ-ਭਗਤੀ) ਕਰਨੀ ਚਾਹੀਦੀ ਹੈ।

(309)ਪ੍ਰਾਣੀਆਂ ਦੀ ਹੱਤਿਆ (ਹਿੰਸਾ), ਮਰਿਸ਼ਾਵਾਦ (ਝੂਠ), ਬਿਨਾ ਦਿੱਤੀ ਚੀਜ਼ ਗ੍ਰਹਿਣ ਕਰਨਾ (ਚੋਰੀ), ਪਰ ਇਸਤਰੀ ਸੰਬੰਧ ਰੱਖਣਾ (ਕੁਸ਼ੀਲ) ਅਤੇ ਬੇਹੱਦ ਇਛਾਵਾਂ (ਪਰਿਗ੍ਰਹਿ) ਇਨ੍ਹਾਂ ਪੰਜਾਂ ਪਾਪਾਂ ਤੋਂ ਹਟਣਾ ਅਨੁਵਰਤ ਹੈ।

(310)ਜੀਵ ਹੱਤਿਆ ਤੋਂ ਪਰੇ ਰਹਿਣ ਵਾਲੇ, ਸ੍ਰਾਵਕ ਨੂੰ ਕਰੋਧ ਆਦਿ ਕਸ਼ਾਇ ਨਾਲ ਮਨ ਨੂੰ ਭਰ ਕੇ (1) ਪਸ਼ੂ ਤੇ ਮਨੁੱਖਾਂ ਨੂੰ ਜਕੜਨਾ (2) ਡੰਡੇ ਆਦਿ ਨਾਲ ਕਸ਼ਟ ਦੇਣਾ, (3) ਨੱਕ ਵਿਚ ਨਕੇਲ ਪਾਉਣਾ (4) ਤਾਕਤ ਤੋਂ ਜ਼ਿਆਦਾ ਭਾਰ ਲੱਦਣਾ (5) ਭੁੱਖਾ ਪਿਆਸਾ ਰੱਖਣਾ ਆਦਿ ਕੰਮ ਨਹੀਂ ਕਰਨੇ ਚਾਹੀਦੇ।

(311)ਸਥੂਲ (ਮੋਟੇ ਤੌਰ 'ਤੇ) ਅਸਤੇ ਵਿਰਤੀ (ਨਾ ਦਾ ਦੂਸਰਾ) ਅਨੁਵਰਤ ਹੈ। ਇਸ ਦੇ ਵੀ ਪੰਜ ਭੇਦ ਹਨ। (1) ਕਨਿਆ ਅਲੀਕ (2) ਗੋ ਅਲੀਕ (3) ਭੂ ਲੀਕ ਅਰਥਾਤ ਲੜਕੀ, ਪਸ਼ੂ ਅਤੇ

ਜ਼ਮੀਨ ਦੇ ਮਾਮਲੇ ਵਿਚ ਝੂਠ ਬੋਲਣਾ (4) ਕਿਸੇ ਦੀ ਗਹਿਣੇ ਰੱਖੀ ਚੀਜ਼ ਦੱਬ ਲੈਣਾ (5) ਝੂਠੀ ਗਵਾਹੀ ਦੇਣਾ ਸ਼੍ਰਾਵਕ ਨੂੰ ਉਪਰੋਕਤ ਕੰਮਾਂ ਤੋਂ ਪਰੇ ਰਹਿਣਾ ਚਾਹੀਦਾ ਹੈ।

(312)(ਇਸ ਦੇ ਨਾਲ ਹੀ) ਸੱਚ ਦਾ ਪਾਲਣ ਕਰਨ ਵਾਲਾ ਅਣੁਵਰਤੀ ਬਿਨਾਂ ਸੋਚੇ ਵਿਚਾਰੇਨਾ ਤਾਂ ਮੂੰਹੋਂ ਕੋਈ ਗੱਲ ਬਾਹਰ ਕਰਨੀ ਚਾਹੀਦੀ ਹੈ, ਨਾ ਕਿਸੇ ਦਾ ਭੇਦ ਪ੍ਰਗਟ ਕਰਨਾ ਚਾਹੀਦਾ ਹੈ। ਆਪਣੀ ਪਤਨੀ ਦੇ ਗੁਪਤ ਭੇਦ ਮਿੱਤਰਾਂ ਆਦਿ ਨੂੰ ਪ੍ਰਗਟ ਨਹੀਂ ਚਾਹੀਦੇ, ਨਾ ਹੀ ਮਿੱਥਿਆ ਵਾਕ ਬੋਲਣੇ ਚਾਹੀਦੇ ਹਨ ਅਤੇ ਨਾ ਹੀ ਜਾਅਲੀ ਦਸਤਾਵੇਜ਼ ਤਿਆਰ ਕਰਨੇ ਚਾਹੀਦੇ ਹਨ।

(313)ਅਚੋਰਯ ਅਣੁਵਰਤੀ ਸ਼੍ਰਾਵਕ ਨੂੰ ਨਾ ਚੋਰੀ ਦਾ ਮਾਲ ਖਰੀਦਣਾ ਚਾਹੀਦਾ ਹੈ, ਨਾ ਚੋਰੀ ਕਰਨ ਲਈ ਪ੍ਰੇਰਣਾ ਦੇਣੀ ਚਾਹੀਦੀ ਹੈ ਨਾ ਸਰਕਾਰੀ ਕਾਨੂੰਨਾਂ ਦੀ ਉਲੰਘਣਾ ਇਸ ਮਾਮਲੇ ਵਿਚ ਕਰਨੀ ਚਾਹੀਦੀ ਹੈ। ਚੀਜ਼ਾਂ ਵਿਚ ਮਿਲਾਵਟ ਨਹੀਂ ਕਰਨੀ ਚਾਹੀਦੀ। ਜਾਅਲੀ ਸਿੱਕੇ ਜਾਂ ਨੋਟ ਤਿਆਰ ਨਹੀਂ ਕਰਨੇ ਚਾਹੀਦੇ।

(314)ਆਪਣੀ ਪਤਨੀ ਤੇ ਸੰਤੋਖ (ਬ੍ਰਹਮਚਰਜ) ਰੱਖਣ ਵਾਲੇ ਸ਼੍ਰਾਵਕ ਨੂੰ ਵਿਆਹੀ ਜਾਂ ਕੁਆਰੀ ਦੋਹਾਂ ਤਰ੍ਹਾਂ ਦੀ ਔਰਤ ਤੋਂ ਦੂਰ ਰਹਿਣਾ ਚਾਹੀਦਾ ਹੈ। ਅਨੰਗ ਕ੍ਰੀੜਾ (ਗੈਰ ਕੁਦਰਤੀ ਢੰਗ) ਨਹੀਂ ਕਰਨੀ ਚਾਹੀਦੀ। ਆਪਣੀ ਔਲਾਦ ਤੋਂ ਛੁੱਟ ਹੋਰ ਕਿਸੇ ਦਾ ਰਿਸ਼ਤਾ ਕਰਾਉਣ ਤੋਂ ਵੀ ਪਰੇ ਹੀ ਰਹਿਣਾ ਚਾਹੀਦਾ ਹੈ। ਕਾਮ ਭੋਗ ਦੀ ਤੇਜ ਇੱਛਾ ਦਾ ਤਿਆਗ ਕਰਨਾ ਚਾਹੀਦਾ ਹੈ।

(315-316) ਅਪਰਿਮਿਤ (ਬੇਹੱਦ) ਪਰਿਗ੍ਰਹਿ (ਸੰਗ੍ਰਹਿ) ਅਨੰਤ ਤ੍ਰਿਸ਼ਣਾ (ਇੱਛਾਵਾਂ) ਦਾ ਕਾਰਨ ਹੈ। ਇਹ ਦੋਸ਼ ਭਰਪੂਰ ਰਸਤਾ ਹੈ

ਅਤੇ ਨਰਕ ਦਾ ਕਾਰਨ ਹੈ। ਇਸ ਲਈ ਪਰਿਗ੍ਰਹਿ ਪਰਿਮਾਨ ਅਨੁਵਰਤੀ ਨੂੰ ਸ਼ੁੱਧ ਚਿੱਤ ਹੋ ਕੇ (11) ਖੇਤ ਮਕਾਨ (2) ਸੋਨਾ ਚਾਂਦੀ (3) ਧਨ ਅਨਾਜ (4) ਦੋ ਪੈਰਾਂ ਵਾਲੇ (ਦਾਸ ਦਾਸੀ) ਚਾਰ ਪੈਰਾਂ ਵਾਲੇ (ਪਸ਼ੂਆਂ (5) ਭੰਡਾਰ (ਖਜ਼ਾਨੇ) ਆਦਿ ਦੀ ਮਿੱਥੀ ਹੱਦ ਦੀ ਉਲੰਘਣਾ ਨਹੀਂ ਕਰਨੀ ਚਾਹੀਦੀ।

(317)ਸ੍ਰਾਵਕ ਨੂੰ ਸੰਤੋਖ ਰੱਖਣਾ ਚਾਹੀਦਾ ਹੈ। ਅਜਿਹਾ ਵਿਚਾਰ ਨਹੀਂ ਕਰਨਾ ਚਾਹੀਦਾ ਕਿ "ਇਸ ਸਮੇਂ ਮੈਂ ਅਗਿਆਨ ਵਸ ਥੋੜ੍ਹੀਆਂ ਚੀਜ਼ਾਂ ਵਰਤਨ ਦੀ ਹੱਦ ਮਿੱਥ ਬੈਠਾ, ਅੱਗੇ ਨੂੰ ਜ਼ਰੂਰਤ ਹੋਣ ਤੇ ਜ਼ਿਆਦਾ ਚੀਜ਼ਾਂ ਫਿਰ ਗ੍ਰਹਿਣ ਕਰਨ ਲਵਾਂਗਾ।"

(318)ਸ੍ਰਾਵਕ ਦੇ ਸੱਤ ਸਿੱਖਿਆ ਵਰਤਾਂ ਵਿਚ ਤਿੰਨ 'ਗੁਣ ਵਰਤ' ਹੁੰਦੇ ਹਨ। (1) ਦਿਸ਼ਾ ਵਿਰਤਿ (2) ਅਨੰਰਥ ਦੰਡ ਵਿਰਤਿ ਅਤੇ (3) ਦੇਸ਼ ਅਵਕਾਸ਼ਿਕ।

(319)(ਵਿਉਪਾਰ ਆਦਿ ਦੇ ਖੇਤਰ ਦੀ ਹੱਦ ਮਿੱਥ ਕੇ) ਉੱਪਰ, ਹੇਠਾਂ, ਤਿਰੰਯਕ (ਤਿਰਸ਼ੀ) ਦਿਸ਼ਾਵਾਂ ਵਿਚ ਘੁੰਮਨਾ ਫਿਰਨਾਂ ਜਾਂ ਸੰਬੰਧ ਸਥਾਪਿਤ ਕਰਨਾ ਵਿਗਵਰਤ ਨਾਉਂ ਦਾ ਪਹਿਲਾ ਗੁਣ ਵਰਤ ਹੈ।

(320)ਜਿਸ ਦੇਸ਼ ਵਿਚ ਜਾਣ ਨਾਲ ਕੋਈ ਵਰਤ ਟੁੱਟਦਾ ਹੋਵੇ ਜਾਂ ਭੰਗ ਹੋਣ ਦਾ ਡਰ ਹੋਵੇ ਉਸ ਦੇਸ਼ ਨੂੰ ਨਿਯਮ ਪੂਰਵਕ ਛੱਡਣ ਦੀ ਭਾਵਨਾ ਦੇਸ਼ਅਵਕਾਸ਼ਿਕ ਨਾਂ ਦਾ ਦੂਸਰਾ ਗੁਣਵਰਤ ਹੈ।

(321)ਬਿਨਾਂ ਜ਼ਰੂਰਤ ਤੋਂ ਕੋਈ ਕੰਮ ਕਰਨਾ ਜਾਂ ਕਿਸੇ ਨੂੰ ਤੰਗ ਕਰਨਾ ਅਣਰਥ ਦੰਡ ਅਖਵਾਉਂਦਾ ਹੈ। ਇਸ ਦੇ ਚਾਰ ਭੇਦ ਹਨ। (1) ਅਪਧਿਆਨ (2) ਪ੍ਰਮਾਦ ਪੂਰਨ ਆਚਰਣ (3) ਹਿੰਸਾ ਆਦਿ

ਕਰਨ ਲਈ ਹਥਿਆਰ ਦੇਣਾ (4) ਪਾਪ ਦਾ ਉਪਦੇਸ਼। ਇਨ੍ਹਾਂ ਚਾਰਾਂ ਦਾ ਤਿਆਗ ਅਣਰਥਦੰਡ ਵਿਰਤੀ ਨਾਂ ਦਾ ਤੀਸਰਾ ਗੁਣ ਵਰਤ ਹੈ।

(322)ਜ਼ਰੂਰਤ ਵੇਲੇ ਕੰਮ ਕਰਨ ਨਾਲ ਥੋੜ੍ਹੇ ਕਰਮਾਂ ਦਾ ਸੰਗ੍ਰਹਿ ਹੁੰਦਾ ਹੈ। ਬਿਨਾਂ ਜ਼ਰੂਰਤ ਦੇ ਕੰਮ ਕਰਨ ਨਾਲ ਜ਼ਿਆਦਾ ਕਰਮਾਂ ਦਾ ਸੰਗ੍ਰਹਿ ਹੁੰਦਾ ਹੈ ਕਿਉਂਕਿ ਜ਼ਰੂਰਤ ਵਾਲਾ ਕੰਮ ਤਾਂ ਦੇਸ਼ ਤੇ ਸਮੇਂ ਨੂੰ ਮੁੱਖ ਰੱਖ ਕੇ ਕੀਤਾ ਜਾਂਦਾ ਹੈ। ਪਰ ਬਿਨਾਂ ਜ਼ਰੂਰਤ ਦਾ ਕੰਮ ਹਮੇਸ਼ਾ ਮਰਿਆਦਾ ਰਹਿਤ ਢੰਗ ਨਾਲ ਕੀਤਾ ਜਾਂਦਾ ਹੈ।

(323)ਅਣਰਥ ਦੰਡ ਵਿਰਤ ਸ੍ਰਾਵਕ ਨੂੰ ਕੰਦਰਪ (ਗਲਤ ਹਾਸਾ, ਮਜ਼ਾਕ) (2) ਕੋਤਕੁਚਯ (ਗਲਤ ਸ਼ਰੀਰਿਕ ਹਰਕਤਾਂ) (3) ਮੋਖਰਯ (ਬਕਵਾਸ) (4) ਹਿੰਸਾ ਦੇ ਕਾਰਨਾਂ ਨੂੰ ਇਕੱਠਾ ਕਰਕੇ ਵਰਤਣ ਦੀ ਹੱਦ ਨੂੰ ਲੰਘਣਾ ਨਹੀਂ ਚਾਹੀਦਾ।

(324)ਚਾਰ ਸਿੱਖਿਆ ਵਰਤ ਇਸ ਪ੍ਰਕਾਰ ਹਨ (1) ਭੋਗਾਂ ਦਾ ਪਰਿਮਾਣ (ਹੱਦ ਨਿਸ਼ਚਿਤ ਕਰਨਾ) (2) ਸਮਾਇਕ (3) ਅਤਿਥਿ ਸੰਵਿਭਾਗ (4) ਪੋਸਧ ਉਪਵਾਸ।

(325)ਭੋਗ ਉਪਭੋਗ ਪਰਿਮਾਨ ਵਰਤ ਦੋ ਪ੍ਰਕਾਰ ਦਾ ਹੈ : (1) ਭੋਜਨ ਰੂਪ ਵਿਚ ਅਤੇ (3) ਕੰਮ ਦੇ ਰੂਪ ਵਿਚ। ਕੰਦਮੂਲ ਆਦਿ ਅਨੰਤ ਜੀਵਾਂ ਨਾਲ ਭਰਪੂਰ ਬਨਸਪਤੀ, ਉਦੇਸ਼ਵਰ ਫਲ ਅਤੇ ਸ਼ਰਾਬ ਮਾਂਸ ਦਾ ਤਿਆਗ ਭੋਜਨ ਸੰਬੰਧੀ ਭਰਪੂਰ ਧੰਦੇ ਦਾ ਤਿਆਗ ਵਿਉਪਾਰ ਸੰਬੰਧੀ ਭੋਗ ਉਪਭੋਗ ਪਰਿਮਾਨ ਵਰਤ ਹੈ।

(326)ਸਾਵਦਯ ਯੋਗ ਭਾਵ ਪਾਪ ਦਾ ਕਾਰਨ ਹਿੰਸਾ ਤੋਂ ਬਚਾਓ ਲਈ ਕੇਵਲ ਸਮਾਇਕ ਹੀ ਚੰਗੀ ਚੀਜ਼ ਹੈ। ਉਸ ਨੂੰ ਸਰੇਸ਼ਟ

ਗ੍ਰਹਿਸਥ ਧਰਮ ਜਾਣ ਕੇ ਵਿਦਵਾਨ ਨੂੰ ਆਪਣੇ ਭਲੇ ਤੋਂ ਮੁਕਤੀ ਦੀ ਪ੍ਰਾਪਤੀ ਲਈ ਸਮਾਇਕ ਕਰਨੀ ਚਾਹੀਦੀ ਹੈ।

(327)ਸਮਾਇਕ ਕਰਨ ਨਾਲ ਸ੍ਰਾਵਕ (ਉਸ ਸਮੇਂ) ਸ੍ਰਮਣ ਦੀ ਤਰ੍ਹਾਂ ਹੋ ਜਾਂਦਾ ਹੈ, ਇਸ ਲਈ ਵਾਰ ਵਾਰ ਸਮਾਇਕ ਕਰਨੀ ਚਾਹੀਦੀ ਹੈ।

(328)ਸਮਾਇਕ ਕਰਨ ਸਮੇਂ ਜੋ ਸ੍ਰਾਵਕ ਪਰਾਈ ਚਿੰਤਾ ਕਰਦਾ ਹੈ ਉਹ ਆਰਤ ਧਿਆਨ ਨੂੰ ਪ੍ਰਾਪਤ ਹੁੰਦਾ ਹੈ। ਉਸ ਦੀ ਸਮਾਇਕ ਬੇਕਾਰ ਹੈ।

(329)ਭੋਜਨ ਤਿਆਗੀ, ਸ਼ਰੀਰ ਦਾ ਹਾਰ ਸ਼ਿੰਗਾਰ ਦਾ ਤਿਆਗ (3) ਬ੍ਰਹਮਚਰਜ ਦਾ ਪਾਲਣ (4) ਆਰੰਬ (ਹਿੰਸਾ) ਤਿਆਗ, ਇਨ੍ਹਾਂ ਚਾਰ ਚੀਜ਼ਾਂ ਦਾ ਸੰਬੰਧ ਪੋਸ਼ਧ ਉਪਵਾਸ ਨਾਮਕ ਸਿੱਖਿਆ ਵਰਤ ਨਾਲ ਹੈ। ਇਨ੍ਹਾਂ ਦਾ ਤਿਆਗ ਇਕ ਹਿੱਸੇ ਦਾ ਵੀ ਹੁੰਦਾ ਹੈ ਅਤੇ ਪੂਰੀ ਪੋਸ਼ਧ ਦਾ ਵੀ ਹੁੰਦਾ ਹੈ। ਉਸ ਦੀ ਹਮੇਸ਼ਾ ਸਮਾਇਕ ਹੁੰਦੀ ਹੈ।

(330)ਉਦਗਮ ਆਦਿ ਦੋਸ਼ਾਂ ਤੋਂ ਰਹਿਤ ਦੇਸ਼, ਕਾਲ ਨੂੰ ਮੁੱਖ ਰੱਖ ਕੇ ਸ਼ੁੱਧ ਭੋਜਨ ਠੀਕ ਢੰਗ ਨਾਲ ਦਾਨ ਦੇਣਾ, ਗ੍ਰਹਿਸਥੀਆਂ ਦਾ ਅਤਿਥੀ ਸੰਵਿਭਾਗ ਨਾਂ ਵਰਤ ਹੈ।

(331)ਭੋਜਨ, ਦਵਾਈ, ਸ਼ਾਸਤਰ ਅਤੇ ਅਭੈ (ਨਿਡਰਤਾ) ਦੇ ਰੂਪ ਵਿਚ ਦਾਨ ਚਾਰ ਪ੍ਰਕਾਰ ਦਾ ਹੈ। ਉਪਾਸਕਾ ਅਧਿਐਨ ਗ੍ਰੰਥ ਵਿਚ ਉਸ ਨੂੰ ਦੇਣ ਯੋਗ ਕਿਹਾ ਗਿਆ ਹੈ।

(332)ਭੋਜਣ ਦੇਣ ਨਾਲ ਹੀ ਗ੍ਰਹਿਸਥ ਮਹਾਨ ਹੋ ਜਾਂਦਾ ਹੈ। ਇਸ ਵਿਚ ਪਾਤਰ (ਯੋਗ) ਕੁਪਾਤਰ (ਅਯੋਗ) ਦਾ ਵਿਚਾਰ ਕਰਨ ਦਾ

ਕੀ ਲਾਭ ?

(333)ਜਿਸ ਘਰ ਵਿਚ ਸਾਧੂਆਂ ਨੂੰ ਨਿਯਮਾਂ ਅਨੁਸਾਰ ਭੋਜਨ ਨਹੀਂ ਮਿਲਦਾ ਉਸ ਘਰ ਵਿਚ ਸ਼ਾਸਤਰਾਂ ਅਨੁਸਾਰ ਚੱਲਣ ਵਾਲੇ ਧੀਰਜਵਾਨ ਅਤੇ ਤਿਆਗੀ ਸ੍ਰਾਵਕ ਭੋਜਨ ਨਹੀਂ ਕਰਦੇ।

(334)ਜੋ ਗ੍ਰਹਿਸਥ ਮੁਨੀ ਨੂੰ ਭੋਜਨ ਕਰਾਉਣ ਤੋਂ ਬਾਅਦ ਬਾਕੀ ਦਾ ਭੋਜਨ ਆਪ ਕਰਦਾ ਹੈ ਉਸ ਦਾ ਭੋਜਨ ਕਰਨਾ ਹੀ ਸਹੀ ਹੈ। ਉਹ ਜਿਨ ਭਗਵਾਨ ਰਾਹੀਂ ਫੁਰਮਾਏ ਮੁਕਤੀ ਦੇ ਉੱਤਮ ਸੁੱਖ ਨੂੰ ਪ੍ਰਾਪਤ ਕਰਦਾ ਹੈ।

(335)ਮੌਤ ਦੇ ਡਰ ਤੋਂ ਡਰੇ ਹੋਏ ਜੀਵਾਂ ਦੀ ਰੱਖਿਆ ਕਰਨਾ ਅਭੈਦਾਨ ਹੈ। ਇਹ ਅਭੈ ਦਾਨ ਹੀ ਸਭ ਦਾਨਾਂ ਵਿਚੋਂ ਸ਼੍ਰੋਮਣੀ ਹੈ।

# 24. ਸ਼੍ਰਮਣ ਧਰਮ ਸੂਤਰ

## (ੳ) ਸਮਤਾ

(336)ਸ਼੍ਰਮਣ, ਸੰਯਤ, ਰਿਸ਼ੀ, ਮੁਨੀ, ਸਾਧੂ, ਵੀਤਰਾਗੀ, ਅਨਗਾਰ, ਭਦੰਤ, ਦਾਂਤ ਇਹ ਸ਼ਬਦ ਸ਼ਾਸਤਰ ਅਨੁਸਾਰ ਚੱਲਣ ਵਾਲਿਆਂ ਦੇ ਨਾਉਂ ਹਨ।

(337)ਪਰਮ ਪਦ ਦੀ ਖੋਜ ਵਿਚ ਲੱਗਾ ਸਾਧੂ ਸ਼ੇਰ ਦੀ ਤਰ੍ਹਾਂ ਪਰਾਕਰਮੀ, ਹਾਥੀ ਦੀ ਤਰ੍ਹਾਂ ਸਵਾਭਿਮਾਨੀ, ਬਲਦ ਦੀ ਤਰ੍ਹਾਂ ਨਰਮ, ਮਿਰਗ ਦੀ ਤਰ੍ਹਾਂ ਸਰਲ, ਪਸ਼ੂ ਦੀ ਤਰ੍ਹਾਂ ਬੇਕਸੂਰ, ਹਵਾ ਦੀ ਤਰ੍ਹਾਂ ਸ਼ਰਮ ਰਹਿਤ, ਸੂਰਜ ਦੀ ਤਰ੍ਹਾਂ ਤੇਜਸਵੀ, ਸਮੁੰਦਰ ਦੀ ਤਰ੍ਹਾਂ ਗੰਭੀਰ, ਮੇਰੂ ਦੀ ਤਰ੍ਹਾਂ ਅਡੋਲ, ਚੰਦਰਮਾ ਦੀ ਤਰ੍ਹਾਂ ਸ਼ੀਤਲ, ਮਨੀ ਦੀ ਤਰ੍ਹਾਂ ਚਮਕਦਾਰ, ਧਰਤੀ ਦੀ ਤਰ੍ਹਾਂ ਸਹਿਨਸ਼ੀਲ, ਸੱਪ ਦੀ ਤਰ੍ਹਾਂ ਅਨਿਸ਼ਚਿਤ ਠਿਕਾਣੇ ਤੇ ਰਹਿਣ ਵਾਲਾ ਅਤੇ ਅਕਾਸ਼ ਦੀ ਤਰ੍ਹਾਂ ਸਹਾਰੇ ਤੋਂ ਰਹਿਤ ਹੁੰਦਾ ਹੈ।

(338)ਅਜਿਹੇ ਵੀ ਭੈੜੇ ਸਾਧੂ ਹਨ ਜਿਨ੍ਹਾਂ ਨੂੰ ਸੰਸਾਰ ਸਾਧੂ ਆਖਦਾ ਹੈ। ਪਰ ਭੈੜੇ ਅਸਾਧੂ ਨੂੰ ਸਾਧੂ ਨਹੀਂ ਆਖਣਾ ਚਾਹੀਦਾ। ਸਾਧੂ ਨੂੰ ਹੀ ਸਾਧੂ ਆਖਣਾ ਚਾਹੀਦਾ ਹੈ।

(339)ਗਿਆਨ ਤੇ ਦਰਸ਼ਨ ਦਾ ਧਨੀ, ਸੰਜਮ ਅਤੇ ਤੱਪ ਵਿਚ ਲੱਗਾ ਅਤੇ ਇਸ ਪ੍ਰਕਾਰ ਦੇ ਗੁਣਾਂ ਦੇ ਭਰਪੂਰ ਸੰਜਮੀ ਨੂੰ ਹੀ ਸਾਧੂ ਆਖਣਾ ਚਾਹੀਦਾ ਹੈ।

(340)ਸਿਰ ਮੁਨਾ ਕੇ ਕੋਈ ਸ਼੍ਰਮਣ ਨਹੀਂ ਹੁੰਦਾ। ਔਂਕਾਰ ਦਾ ਜਾਪ ਕਰਨ ਨਾਲ ਕੋਈ ਬ੍ਰਾਹਮਣ ਨਹੀਂ ਹੁੰਦਾ। ਜੰਗਲ ਵਿਚ ਰਹਿਣ

ਨਾਲ ਕੋਈ ਮੁਨੀ ਨਹੀਂ ਹੁੰਦਾ। ਘਾਹ ਦੇ ਚੀਥੜੇ ਪਹਿਣ ਕੇ ਕੋਈ ਤਪੱਸਵੀ ਨਹੀਂ ਅਖਵਾ ਸਕਦਾ।

(341)ਸਮਤਾ ਨਾਲ ਸ਼੍ਰਮਣ ਹੁੰਦਾ ਹੈ ਬ੍ਰਹਮਚਰਜ ਨਾਲ ਬ੍ਰਾਹਮਣ ਹੁੰਦਾ ਹੈ। ਗਿਆਨ ਨਾਲ ਹੀ ਮੁਨੀ ਹੁੰਦਾ ਹੈ ਤੇ ਤਪ ਨਾਲ ਤਪੱਸਵੀ ਹੁੰਦਾ ਹੈ।

(342)ਗੁਣਾਂ ਨਾਲ ਸਾਧੂ ਹੁੰਦਾ ਹੈ, ਔਗੁਣਾਂ ਨਾਲ ਅਸਾਧੂ। ਇਸ ਲਇਧਧੀ ਸਾਧੂ ਦੇ ਗੁਣਾਂ ਨੂੰ ਗ੍ਰਹਿਣ ਕਰੋ। ਅਸਾਧੂ ਪੁਣੇ ਦੀ ਭਾਵਨਾ ਛੱਡੋ। ਆਤਮਾ ਨੂੰ ਆਤਮਾ ਰਾਹੀਂ ਜਾਣਦੇ ਹੋਏ ਜੋ ਰਾਗ ਦਵੇਸ਼ ਪ੍ਰਤਿ ਇਕਸੂਰਤਾ ਰੱਖਦਾ ਹੈ, ਉਹ ਹੀ ਪੂਜਯ ਹੈ।

(343)ਦੇਹ ਦੇ ਪ੍ਰਤਿ ਲਗਾਵ ਰੱਖਣ ਵਾਲਾ, ਵਿਸ਼ੇ ਵਿਕਾਰਾਂ ਵਿਚ ਘੁੰਮਣ ਵਾਲਾ, ਕਸ਼ਾਇਆਂ ਨਾਲ ਭਰਪੂਰ ਅਤੇ ਆਤਮਾ ਦੇ ਪ੍ਰਤਿ ਨਾ ਜਾਗਣ ਵਾਲਾ ਸਾਧੂ, ਸਮਿਅਕਤਵ ਤੋਂ ਖਾਲੀ ਹੁੰਦਾ ਹੈ।

(344)ਗੋਚਰੀ (ਭਿਕਸ਼ਾ) ਦੇ ਲਈ ਗਿਆ ਸਾਧੂ ਕੰਨਾਂ ਵਿਚ ਬਹੁਤ ਚੰਗੀਆਂ ਬੁਰੀਆਂ ਗੱਲਾਂ ਸੁਣਦਾ ਹੈ। ਅੱਖਾਂ ਨਾਲ ਬਹੁਤ ਚੰਗੀਆਂ ਮਾੜੀਆਂ ਚੀਜ਼ਾਂ ਵੇਖਦਾ ਹੈ ਪਰ ਸਭ ਕੁਝ ਵੇਖ ਸੁਣ ਕੇ ਉਹ ਕਿਸੇ ਨੂੰ ਨਹੀਂ ਆਖਦਾ (ਉਹ ਹੀ ਸਾਧੂ ਹੈ)।

(345)ਸਵਾਧਿਆਏ ਅਤੇ ਧਿਆਨ ਵਿਚ ਲੱਗਾ ਸਾਧੂ ਰਾਤ ਨੂੰ ਵੀ ਬਹੁਤ ਨਹੀਂ ਸੌਂਦਾ। ਸੂਤਰ ਦੇ ਅਰਥ ਤੇ ਸੋਚ ਵਿਚਾਰ ਕਰਦੇ ਹਨ, ਉਹ ਨੀਂਦ ਨਹੀਂ ਲੈਂਦੇ।

(346)ਸਾਧੂ ਮਮਤਾ ਰਹਿਤ, ਅੰਹਕਾਰ ਰਹਿਤ, ਨਿਸੰਗ, ਗੌਰਵ ਦਾ ਤਿਆਗੀ, ਤਰੱਸ ਅਤੇ ਸਥਾਵਰ ਜੀਵਾਂ ਪ੍ਰਤੀ ਸਮ ਦ੍ਰਿਸ਼ਟੀ ਰੱਖਣ

ਵਾਲਾ ਹੁੰਦਾ ਹੈ।

(347)ਉਹ ਲਾਭ ਅਤੇ ਹਾਨੀ ਵਿਚ, ਸੁੱਖ ਤੇ ਦੁੱਖ ਵਿਚ, ਜ਼ਿੰਦਗੀ ਅਤੇ ਮੌਤ ਸਮੇਂ, ਨਿੰਦਾ ਤੇ ਪ੍ਰਸ਼ੰਸਾ ਸਮੇਂ ਅਤੇ ਮਾਨ ਅਤੇ ਅਪਮਾਨ ਸਮੇਂ ਸਮਭਾਵ ਰੱਖਦਾ ਹੈ।

(348)ਉਹ ਗੌਰਵ, ਕਸ਼ਾਇ, ਦੰਡ, ਸ਼ਲਯ, ਭੈ, ਹਾਸੇ ਅਤੇ ਦੁੱਖ ਤੋਂ ਮੁਕਤ, ਸਵਰਗ ਲਈ ਭਗਤੀ ਨਾ ਕਰਨ ਵਾਲਾ ਅਤੇ ਉਹ ਹਰ ਤਰ੍ਹਾਂ ਦੇ ਬੰਧਨਾਂ ਤੋਂ ਰਹਿਤ ਹੁੰਦਾ ਹੈ।

(349)ਉਹ ਇਸ ਲੋਕ ਤੇ ਪਰਲੋਕ ਤੋਂ ਨਿਰਲੇਪ, ਵਸੂਲੇ ਨਾ ਛਿਲਣ ਤੇ ਜਾਂ ਚੰਦਨ ਨਾਲ ਲੇਪ ਕਰਨ ਤੇ, ਭੋਜਨ ਮਿਲਨ ਤੇ ਜਾਂ ਨਾ ਮਿਲਣ ਤੇ ਇਕ ਤਰ੍ਹਾਂ ਦੀ ਹੀ ਭਾਵਨਾ ਰੱਖਦਾ ਹੈ।

(350)ਅਜਿਹੇ ਸ਼੍ਰਮਣ ਕਰਮ ਪੁਦਗਲ (ਪਾਪਾਂ ਦੇ ਆਉਣ ਦੇ ਕਾਰਨ) ਨੂੰ ਰੋਕ ਕੇ, ਅਧਿਆਤਮ ਸੰਬੰਧੀ ਗਿਆਨ ਯੋਗਾਂ ਦੇ ਰਾਹ ਤੇ ਚੱਲ ਕੇ ਸੰਜਮ ਵਿਚ ਲੱਗਦਾ ਹੈ।

(351)ਭੁੱਖ, ਪਿਆਸ, ਉੱਚੀ ਨੀਚੀ ਜ਼ਮੀਨ, ਠੰਢ, ਗਰਮੀ, ਅਰਤਿ, ਭੈ ਆਦਿ ਤੋਂ ਬਿਨਾਂ ਦੁਖੀ ਹੋਏ ਸਹਿਣ ਕਰਨਾ ਚਾਹੀਦਾ ਹੈ ਕਿਉਂਕਿ ਸਰੀਰਿਕ ਦੁੱਖਾਂ ਨੂੰ ਸਮਭਾਵ ਨਾਲ ਸਹਿਣਾ ਮਹਾਂਫਲਦਾਈ ਹੁੰਦਾ ਹੈ।

(352)ਵੇਖੋ ! ਸਭ ਗਿਆਨੀਆਂ ਨੇ ਅਜਿਹੇ ਤਪ ਦਾ ਢੰਗ ਦੱਸਿਆ ਹੈ ਜਿਸ ਵਿਚ ਸੰਜਮ ਨੂੰ ਮੁੱਖ ਰੱਖ ਕੇ ਦਿਨ ਵਿਚ ਕੇਵਲ ਇਕ ਵਾਰ ਭੋਜਨ ਕਰਨਾ ਚਾਹੀਦਾ ਹੈ।

(353)ਸਮਤਾ ਤੋਂ ਰਹਿਤ ਸ਼੍ਰਮਣ ਦਾ ਬਨਵਾਸ, ਸਰੀਰ ਨੂੰ ਕਸ਼ਟ ਦੇਣਾ, ਅਚੰਭੇ ਵਾਲੇ ਵਰਤ, ਅਧਿਐਨ ਅਤੇ ਚੁੱਪ ਬੇਅਰਥ ਹੈ।

(354)ਗਿਆਨੀ ਤੇ ਸ਼ਾਂਤ ਹੋ ਕੇ ਸੰਜਮ ਭਾਵ ਨਾਲ ਪਿੰਡ ਸ਼ਹਿਰ ਵਿਚ ਘੁੰਮੇ। ਸ਼ਾਂਤੀ ਦੇ ਰਾਹ ਤੇ ਚੱਲੋ। ਹੇ ਗੌਤਮ ! ਥੋੜ੍ਹੇ ਸਮੇਂ ਲਈ ਵੀ ਗਫਲਤ ਨਾ ਕਰੋ।

(355)ਭਵਿੱਖ ਵਿਚ ਲੋਕ ਆਖਣਗੇ "ਅੱਜ ਜਿਨ" ਵਿਖਾਈ ਨਹੀਂ ਦਿੰਦੇ ਤੇ ਮਾਰਗਦਰਸ਼ਕ ਹਨ ਉਹ ਵੀ ਇਕ ਮਤ ਨਹੀਂ ਹਨ। ਪਰ ਤੁਹਾਨੂੰ ਨਿਆਂ ਦਾ ਮਾਰਗ ਪ੍ਰਾਪਤ ਹੋ ਗਿਆ ਹੈ। ਇਸ ਲਈ ਹੇ ਗੌਤਮ ! ਥੋੜ੍ਹੇ ਸਮੇਂ ਲਈ ਵੀ ਗਫਲ ਨਾ ਕਰੋ।

(ਅ) ਭੇਸ਼ – ਲਿੰਗ

(356)ਅਸੰਜਮ ਸਥਾਨ ਵਿਚ ਵਰਤਮਾਨ ਸ਼੍ਰਮਣ ਦਾ ਭੇਖ ਹੀ ਸਭ ਕੁਝ ਨਹੀਂ ; ਕਿਉਂਕਿ ਭੇਸ਼ ਤਾਂ ਅਸੰਜਮੀ ਵੀ ਧਾਰਨ ਕਰਦੇ ਹਨ ਕੀ ਭੇਸ਼ ਬਦਲਣ ਨਾਲ ਜ਼ਹਿਰ ਖਾ ਚੁੱਕਾ ਮਨੁੱਖ ਮਰਨ ਤੋਂ ਬਚ ਸਕਦਾ ਹੈ ?

(357)ਲੋਕਾਂ ਦੀ ਪਛਾਣ ਲਈ ਭਿੰਨ ਭਿੰਨ ਪ੍ਰਕਾਰ ਦੇ ਭੇਸ਼ਾਂ ਦੀ ਕਲਪਨਾ ਕੀਤੀ ਗਈ ਹੈ। ਸੰਜਮ ਯਾਤਰਾ ਦੇ ਨਿਰਵਾਹ ਲਈ ਅਤੇ "ਮੈਂ ਸਾਧੂ ਹਾਂ" ਇਸ ਗੱਲ ਨੂੰ ਚੇਤੇ ਰੱਖਣ ਲਈ ਲਿੰਗ (ਭੇਸ਼) ਦੀ ਜ਼ਰੂਰਤ ਹੈ।

(358)ਸੰਸਾਰ ਵਿਚ ਸਾਧੂਆਂ ਤੇ ਗ੍ਰਹਿਸਥਾਂ ਦੇ ਭਿੰਨ-ਭਿੰਨ ਭੇਸ਼ ਹਨ। ਜਿਨ੍ਹਾਂ ਨੂੰ ਧਾਰਨ ਕਰਕੇ ਮੂਰਖ ਇਸ ਪ੍ਰਕਾਰ ਆਖਦੇ ਹਨ ਕਿ "ਇਸ ਤਰ੍ਹਾਂ ਦਾ ਕੋਈ ਖਾਸ ਭੇਸ ਹੀ ਮੁਕਤੀ ਦਾ ਕਾਰਨ ਹੈ।

(359)ਜੋ ਖਾਲੀ ਮੁੱਠੀ ਦੀ ਤਰ੍ਹਾਂ ਸਾਰ ਰਹਿਤ ਹੈ, ਖੋਟੇ ਸਿੱਕੇ ਦੀ ਤਰ੍ਹਾਂ ਫਿਜ਼ੂਲ ਹੈ, ਬੇਡੂਰੀਆ ਮਨੀ ਦੀ ਤਰ੍ਹਾਂ ਚਮਕਨ ਵਾਲੀ

ਕਾਂਚਮਨੀ ਹੈ। ਇਨ੍ਹਾਂ ਚੀਜ਼ਾਂ ਦਾ ਗਿਆਨੀਆਂ ਲਈ ਕੋਈ ਮੁੱਲ ਨਹੀਂ।

(360)ਅਸਲ ਵਿਚ ਭਾਵ ਹੀ ਪਹਿਲਾਂ ਜਾਂ ਮੁੱਖ ਲਿੰਗ (ਭੇਸ) ਹੈ। ਦਰਵ ਲਿੰਗ ਦਾ ਕੋਈ ਮਤਲਬ ਨਹੀਂ, ਕਿਉਂਕਿ ਭਾਵ ਨੂੰ ਹੀ ਜਿਨਦੇਵ ਨੇ ਗੁਣਾਂ ਦੋਸ਼ਾਂ ਦਾ ਕਾਰਨ ਦੱਸਿਆ ਹੈ।

(361)ਭਾਵਨਾਵਾਂ ਦੀ ਸ਼ੁੱਧੀ ਲਈ ਬਾਹਰਲੇ ਪਰਿਗ੍ਰਹਿ ਦਾ ਤਿਆਗ ਕੀਤਾ ਜਾਂਦਾ ਹੈ। ਜਿਸ ਦੇ ਮਨ ਵਿਚ ਪਰਿਗ੍ਰਹਿ ਦੀ ਵਾਸਨਾ ਹੈ, ਉਸ ਦਾ ਬਹਾਰਲਾ ਤਿਆਗ ਫਿਜ਼ੂਲ ਹੈ।

(362)ਅਸ਼ੁੱਧ ਪਰਿਨਾਮਾਂ (ਭਾਵਨਾਵਾਂ) ਦੇ ਰਹਿੰਦੇ ਹੋਏ ਵੀ ਜੋ ਬਾਹਰਲੇ ਪਰਿਗ੍ਰਹਿ ਦਾ ਤਿਆਗ ਕਰਦਾ ਹੈ ਤਾਂ ਉਸ ਦਾ ਬਾਹਰਲਾ ਤਿਆਗ ਅਰਥਹੀਣ ਹੈ।

(363)ਜੋ ਸਰੀਰ ਦੀ ਮਮਤਾ ਨਹੀਂ ਕਰਦਾ, ਮਾਨ ਆਦਿ ਕਸ਼ਾਇਆਂ ਤੋਂ ਪੂਰੀ ਤਰ੍ਹਾਂ ਮੁਕਤ ਹੈ ਅਤੇ ਜੋ ਆਪਦੀ ਆਤਮਾ ਵਿਚ ਲੀਨ ਹੈ, ਉਹ ਹੀ ਸਾਧੂ ਭਾਵ ਲਿੰਗੀ ਹੈ।

# 25. ਵਰਤ ਸੂਤਰ

(364)ਅਹਿੰਸਾ, ਸਤਯ (ਸੱਚ), ਅਸਤੇਯ (ਚੋਰੀ ਨਾ ਕਰਨਾ), ਬ੍ਰਹਮਚਰਜ ਅਤੇ ਅਪਰਿਗ੍ਰਹਿ ਇਨ੍ਹਾਂ ਪੰਜ ਮਹਾਵਰਤਾਂ ਨੂੰ ਸਵੀਕਾਰ ਕਰਕੇ ਵਿਦਵਾਨ ਮੁਨੀ 'ਜਿਨਾਂ' ਰਾਹੀਂ ਫੁਰਮਾਏ ਧਰਮ ਦਾ ਪਾਲਣ ਕਰੇ।

(365)ਨਿਸ਼ਲਯੀ ਵਰਤੀ (ਕੰਡੇ ਰਹਿਤ) ਦੇ ਹੀ ਇਹ ਸਭ ਮਹਾਵਰਤ ਹੁੰਦੇ ਹਨ ਕਿਉਂਕਿ ਨਿਦਾਨ (ਸਵਰਗ ਦੀ ਇੱਛਾ ਲਈ) ਭਗਤੀ ਕਰਨਾ, ਮਿੱਥਿਆਤਵ, ਮਾਇਆ ਇਨ੍ਹਾਂ ਤਿੰਨਾਂ ਸ਼ਲਯ (ਕੰਡਿਆਂ) ਦਾ ਖ਼ਾਤਮਾ ਹੁੰਦਾ ਹੈ।

(366)ਜੋ ਵਰਤੀ ਮੋਕਸ਼ ਸੁੱਖ ਦੀ ਭਾਵਨਾ ਨੂੰ ਛੱਡ ਕੇ ਦੇਵਤੇ ਬਨਣ ਦੀ ਇੱਛਾ ਕਰਦਾ ਹੈ, ਉਹ ਕੰਚ ਦੇ ਟੂਕੜੇ ਦੇ ਲਈ ਬੇਡੂਰੀਆ ਮਨੀ ਨੂੰ ਗੁਆ ਬੈਠਦਾ ਹੈ।

(367)ਕੁਲ, ਯੋਨੀ, ਜੀਵ ਸਮਾਨ, ਮਾਰਗਨਾ ਸਥਾਨ ਆਦਿ ਦੀ ਜੀਵਾਂ ਨੂੰ ਜਾਣ ਕੇ ਉਨਾਂ ਨਾਲ ਸੰਬੰਧਿਤ ਆਰੰਭ (ਹਿੰਸਾ ਤੋਂ ਰਹਿਤ) ਤੋਂ ਛੁਟਕਾਰਾ ਹੀ ਪਹਿਲਾ ਅਹਿੰਸਾ ਦਾ ਵਰਤ ਹੈ।

(368)ਅਹਿੰਸਾ ਸਭ ਆਸਰਮਾ ਦਾ ਦਿਲ ਹੈ। ਸਭ ਸ਼ਾਸਤਰਾਂ ਦਾ ਭੇਦ ਅਤੇ ਸਭ ਵਰਤਾਂ ਤੇ ਗੁਣਾਂ ਦਾ ਟੂਕੜਾ ਜਾਂ ਸਾਰ ਹੈ।

(369)ਆਪਣੇ ਜਾਂ ਕਿਸੇ ਲਈ ਵੀ ਕਰੋਧ ਜਾਂ ਭੈ ਆਦਿ ਦੇ ਵਸ ਹੋ ਕੇ ਹਿੰਸਾ ਨਾਲ ਭਰੇ, ਝੂਠੇ ਬਚਨ ਨਾ ਤਾਂ ਆਪ ਬੋਲੋ ਅਤੇ ਨਾ ਦੂਸਰੇ ਤੋਂ ਬੁਲਵਾਏ। ਇਹ ਦੂਸਰਾ ਸਤਯ ਵਰਤ ਹੈ।

(370)ਪਿੰਡ, ਸ਼ਹਿਰ ਅਤੇ ਜੰਗਲ ਵਿਚ ਦੂਸਰੇ ਦੀ ਚੀਜ਼ ਵੇਖ ਕੇ ਉਸ ਨੂੰ ਗ੍ਰਹਿਣ ਕਰਨ ਦੀ ਭਾਵਨਾ ਤਿਆਗਨ ਵਾਲਾ ਸਾਧੂ ਤੀਸਰੇ ਅਚੋਰਯ (ਅਸਤੇਯ) ਵਰਤ ਦਾ ਧਨੀ ਹੁੰਦਾ ਹੈ।

(371)ਜਾਨਦਾਰ ਜਾਂ ਬੇਜਾਨ, ਥੋੜ੍ਹਾ ਜਾਂ ਬਹੁਤ, ਇੱਥੋਂ ਤੱਕ ਦੰਦ ਕੁਰੇਦਨ ਵਾਲਾ ਤਿਨਕਾ ਵੀ ਸਾਧੂ ਬਿਨਾਂ ਇਜਾਜ਼ਤ ਦੇ ਗ੍ਰਹਿਣ ਨਾ ਕਰੇ।

(372)ਭੋਜਨ ਲਈ ਜਾਣ ਵਾਲਾ, ਮਨਾਹੀ ਯੋਗ ਥਾਵਾਂ ਤੇ ਨਹੀਂ ਜਾਣਾ ਚਾਹੀਦਾ। ਕੁੱਲ ਦੀ ਭੂਮੀ ਜਾਨ ਕੇ ਮਿਤ (ਠੀਕ) ਭੂਮੀ ਤੱਕ ਜਾਣਾ ਚਾਹੀਦਾ ਹੈ।

(373)ਮੈਥੁਨ (ਸੰਭੋਗ) ਅਧਰਮ ਦੀ ਮੂਲ (ਜੜ) ਹੈ। ਮਹਾਨ ਗੁਨਾਹਾਂ ਦਾ ਇਕੱਠ ਹੈ। ਇਸ ਲਈ ਬ੍ਰਹਮਚਰਜ ਦਾ ਧਾਰਨ ਕਰਨ ਵਾਲਾ ਨਿਰਗ੍ਰੰਥ ਸਾਧੂ ਹਮੇਸ਼ਾ ਲਈ ਕਾਮ ਭੋਗ ਛੱਡ ਦਿੰਦੇ ਹਨ।

(374)ਬੁੱਢੀ, ਬੱਚੀ ਅਤੇ ਨੌਜਵਾਨ ਔਰਤ ਇਨ੍ਹਾਂ ਇਸਤਰੀਆਂ ਦੇ ਤਿੰਨੇ ਰੂਪਾਂ ਅਤੇ ਪ੍ਰਤੀਰੂਪਾਂ (ਚਿੱਤਰ ਮੂਰਤੀ) ਨੂੰ ਵੀ ਮਾਂ, ਪੁੱਤਰੀ ਅਤੇ ਭੈਣ ਦੀ ਤਰ੍ਹਾਂ ਸਮਝਣਾ ਅਤੇ ਇਸਤਰੀਆਂ ਦੀ (ਹਾਰ ਸ਼ਿੰਗਾਰ ਤੇ ਕਾਮ ਕਥਾ) ਕਥਾ ਤੋਂ ਛੁਟਕਾਰਾ ਪਾਉਣਾ ਚੌਥਾ ਬ੍ਰਹਮਚਰਜ ਵਰਤ ਹੈ। ਇਹ ਬ੍ਰਹਚਰਜ ਤਿੰਨ ਲੋਕਾਂ ਵਿਚ ਸਤਿਕਾਰਯੋਗ ਹੈ।

(375)ਨਿਰਪੱਖ ਭਾਵਨਾ ਨਾਲ ਚਾਰਿੱਤਰ ਰੂਪੀ ਭਾਰ ਢੋਣ ਵਾਲਾ ਸਾਧੂ, ਬਾਹਰਲੇ ਅੰਦਰਲੇ ਸਾਰੇ ਪਰਿਗ੍ਰਹਿ ਦਾ ਤਿਆਗੀ ਹੀ ਪੰਜਵਾਂ ਪਰਿਗ੍ਰਹਿ ਤਿਆਗ ਨਾਉਂ ਦਾ ਮਹਾਵਰਤ ਕਿਹਾ ਗਿਆ ਹੈ।

(376)ਜਿਵੇਂ ਭਗਵਾਨ ਅਰਿਹੰਤ ਦੇਵ ਨੇ "ਮੁਕਤੀ ਦੇ ਇਛੁੱਕ ਨੂੰ ਸਰੀਰ ਵੀ ਪਰਿਗ੍ਰਹਿ ਹੈ" ਆਖ ਕੇ ਦੇਹ ਦਾ ਮੋਹ ਛੱਡਣ ਦਾ

ਉਪਦੇਸ਼ ਦਿੱਤਾ ਹੈ, ਤਾਂ ਹੋਰ ਪਰਿਗ੍ਰਹਿ ਦਾ ਤਾਂ ਸਵਾਲ ਹੀ ਬੇਕਾਰ ਹੈ।

(377)ਜੋ ਜ਼ਰੂਰੀ ਚੀਜ਼ ਹੈ ਅਤੇ ਜੋ ਸੰਜਮੀ ਲਈ ਨਫ਼ਰਤ ਦਾ ਕਾਰਨ ਹੈ। ਜੋ ਮਮਤਾ ਪੈਦਾ ਨਹੀਂ ਕਰਦੀ ਅਜਿਹੀ ਵਸਤੂ ਸਾਧੂ ਗ੍ਰਹਿਣ ਕਰ ਸਕਦਾ ਹੈ। ਇਸ ਤੋਂ ਉਲਟ ਸਾਧੂ ਲਈ ਥੋੜ੍ਹੀ ਕੀਮਤ ਦਾ ਪਰਿਗ੍ਰਹਿ ਵੀ ਗ੍ਰਹਿਣ ਕਰਨ ਯੋਗ ਨਹੀਂ।

(378)ਭੋਜਨ ਜਾਂ ਸਫ਼ਰ ਵਿਚ ਦੇਸ਼, ਕਾਲ, ਮਿਹਨਤ, ਆਪਣੀ ਸ਼ਕਤੀ ਅਤੇ ਜੋ ਜ਼ਰੂਰਤ ਨੂੰ ਜਾਣ ਕੇ, ਜੋ ਸ੍ਰਮਣ ਇਨ੍ਹਾਂ ਗੱਲਾਂ ਦਾ ਪਾਲਣ ਕਰਦਾ ਹੈ, ਉਸ ਨੂੰ ਥੋੜ੍ਹੇ ਕਰਮਾਂ ਦਾ ਸੰਗ੍ਰਹਿ ਹੁੰਦਾ ਹੈ।

(379)ਗਿਆਤਾ ਪੁੱਤਰ ਭਗਵਾਨ ਮਹਾਵੀਰ ਨੇ ਪਰਿਗ੍ਰਹਿ (ਵਸਤਾਂ) ਨੂੰ ਹੀ ਪਰਿਗ੍ਰਹਿ ਨਹੀਂ ਕਿਹਾ। ਸਗੋਂ ਉਸ ਮਹਾਰਿਸ਼ੀ ਨੇ ਤਾਂ ਚੀਜ਼ਾਂ ਦੇ ਪ੍ਰਤਿ ਮੋਹ ਤੇ ਲਾਲਸਾ ਨੂੰ ਪਰਿਗ੍ਰਹਿ ਕਿਹਾ ਹੈ।

(380)ਸਾਧੂ ਥੋੜ੍ਹਾ ਜਿਹਾ ਵੀ ਸੰਗ੍ਰਹਿ ਨਾ ਕਰੇ। ਪੰਛੀ ਦੀ ਤਰ੍ਹਾਂ ਸੰਗ੍ਰਹਿ ਤੋਂ ਨਿਰਪੱਖ ਰਹਿ ਕੇ, ਕੇਵਲ ਸੰਜਮ ਦੀ ਰੱਖਿਆ ਲਈ ਵਸਤਾਂ ਦੀ ਵਰਤੋਂ ਕਰੇ।

(381)ਬਿਸਤਰਾ, ਤਖ਼ਤਪੋਸ਼, ਆਸਨ ਅਤੇ ਭੋਜਨ ਪ੍ਰਾਪਤ ਹੋਣ ਤੇ ਵੀ ਜੋ ਥੋੜ੍ਹੇ ਵਿਚ ਹੀ ਗੁਜ਼ਾਰਾ ਕਰਦਾ ਹੈ, ਜ਼ਿਆਦਾ ਗ੍ਰਹਿਣ ਨਹੀਂ ਕਰਦਾ, ਉਹ ਸੰਤੋਖ ਵਿਚ ਹੀ ਮੁੱਖ ਰੂਪ ਵਿਚ ਰਹਿਣ ਵਾਲਾ ਸਤਿਕਾਰਯੋਗ ਸਾਧੂ ਹੁੰਦਾ ਹੈ।

(382)ਸੰਪੂਰਨ ਪਰਿਗ੍ਰਹਿ ਤੋਂ ਰਹਿਤ, ਰਸਾਂ ਦੇ ਪ੍ਰਾਪਤ ਹੋਣ ਤੇ ਵੀ ਇਕ ਸੁਰਤਾ ਰੱਖਣ ਵਾਲਾ, ਸੂਰਜ ਛੁਪਣ ਤੋਂ ਬਾਅਦ ਤੇ ਸੂਰਜ ਨਿਕਲਣ ਤੋਂ ਪਹਿਲਾਂ ਕਿਸੇ ਪ੍ਰਕਾਰ ਦੇ ਭੋਜਨ ਦੀ ਇੱਛਾ ਮਨ ਵਿਚ

ਨਾ ਕਰੇ।

(383)ਇਸ ਧਰਤੀ ਤੇ ਅਜਿਹੇ ਤਰੱਸ ਅਤੇ ਸਥਾਵਰ ਆਦਿ ਸੂਖਮ ਜੀਵ ਘੁੰਮਦੇ ਹਨ ਜੋ ਰਾਤ ਦੇ ਹਨ੍ਹੇਰੇ ਵਿਚ ਵਿਖਾਈ ਨਹੀਂ ਦਿੰਦੇ। ਇਸ ਲਈ ਅਜਿਹੇ ਸਮੇਂ ਸਾਧੂ ਨੂੰ ਸ਼ੁੱਧ ਭੋਜਨ ਕਿਵੇਂ ਪ੍ਰਾਪਤ ਹੋ ਸਕਦਾ ਹੈ।